SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 50** | **Tuesday, March 12, 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਓਨਟਾਰੀਓ ਵਿੱਚ ਲਿਬਰਲਾਂ ਨਾਲੋਂ 10 ਫੀਸਦੀ ਅੱਗੇ ਚੱਲ ਰਹੀ ਹੈ ਕੰਜ਼ਰਵੇਟਿਵ ਪਾਰਟੀ



ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਮਕਬੂਲੀਅਤ ਭਾਵੇਂ ਦਰਮਿਆਨੀ ਚੱਲ ਰਹੀ ਹੈ ਪਰ ਉਨ੍ਹਾਂ ਦੀ ਕੰਜ਼ਰਵੇਟਿਵ ਸਰਕਾਰ ਅਜੇ ਵੀ ਲਿਬਰਲਾਂ ਨਾਲੋਂ ਲੋਕਾਂ ਦੀ ਪਸੰਦੀਦਾ ਸਰਕਾਰ ਬਣੀ ਹੋਈ ਹੈ।

ਲਾਇਜ਼ਨ ਸਟਰੈਟੇਜੀਜ਼ ਵੱਲੋਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਬੌਨੀ ਕ੍ਰੌਂਬੀ ਦੇ ਮੁਕਾਬਲੇ ਪ੍ਰੀਮੀਅਰ ਫੋਰਡ 10 ਅੰਕਾਂ ਨਾਲ ਅੱਗੇ ਚੱਲ ਰਹੇ ਹਨ। ਲਾਇਜ਼ਨ ਸਟਰੈਟੇਜੀਜ਼ ਦੇ ਪ੍ਰਿੰਸੀਪਲ ਡੇਵਿਡ ਵੈਲੇਨਟਿਨ ਨੇ ਆਖਿਆ ਕਿ ਫਰਵਰੀ ਵਿੱਚ ਕਰਵਾਏ ਗਏ ਸਰਵੇਖਣ ਦੇ ਮੁਕਾ-ਬਲੇ ਇਸ ਸਮੇਂ ਫੋਰਡ ਦੀ ਅਗਵਾਈ ਵਾਲੀ ਪੀਸੀ ਸਰਕਾਰ ਕਾਫੀ ਅੱਗੇ ਚੱਲ ਰਹੀ ਹੈ। ਇਸ ਮਹੀਨੇ ਪੀਸੀ ਪਾਰਟੀ ਨੂੰ 39 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਜਦਕਿ ਲਿਬਰਲਾਂ ਨੂੰ 29 ਫੀ ਸਦੀ ਸਮਰਥਨ ਮਿਲ ਰਿਹਾ ਹੈ, ਐਨਡੀਪੀ 21 ਫੀ ਸਦੀ ਸਮਰਥਨ ਨਾਲ ਤੀਜੇ ਸਥਾਨ ਉੱਤੇ ਹੈ ਜਦਕਿ ਗ੍ਰੀਨਜ਼ ਨੂੰ 5 ਫੀ ਸਦੀ ਤੇ ਹੋਰਨਾਂ ਪਾਰਟੀਆਂ ਨੂੰ 6 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

ਵੱਖ ਵੱਖ ਰੀਜਨਜ਼ ਜਿਵੇਂ ਉੱਤਰੀ ਓਨਟਾਰੀਓ ਵਿੱਚ ਕ੍ਰੌਂਬੀ ਦੀ ਲਿਬਰਲ ਸਰਕਾਰ ਇੱਕ ਫੀ ਸਦੀ ਨਾਲ ਪੀਸੀ ਪਾਰਟੀ ਤੋਂ ਅੱਗੇ ਹੈ। ਦੱਖਣੀ ਸੈਂਟਰਲ ਓਨਟਾਰੀਓ, ਹੈਮਿਲਟਨ, ਨਾਇਗਰਾ ਵਿੱਚ ਫੋਰਡ ਸਰਕਾਰ ਐਨਡੀਪੀ ਨਾਲੋਂ ਪੰਜ ਫੀ ਸਦੀ ਅੱਗੇ ਹੈ। ਟੋਰਾਂਟੋ ਵਿੱਚ ਲਿਬਰਲਾਂ ਤੇ ਪੀਸੀ ਪਾਰਟੀ ਦਰਮਿ-ਆਨ ਬਰਾਬਰ ਦੀ ਟੱਕਰ ਹੈ ਤੇ ਮਿਸੀਸਾਗਾ ਵਿੱਚ ਪੀਸੀ ਪਾਰਟੀ ਲਿਬਰਲਾਂ ਦੇ ਮੁਕਾਬਲੇ ਤਿੰਨ ਅੰਕਾਂ ਨਾਲ ਅੱਗੇ ਚੱਲ ਰਹੀ ਹੈ।

## ਨਸ਼ੇ ਦੀ ਹਾਲਤ 'ਚ ਟਰੈਕਟਰ ਟਰੇਲਰ ਚਲਾਉਣ ਵਾਲਾ ਪੰਜਾਬੀ ਗ੍ਰਿਫਤਾਰ



ਮਿਸੀਸਾਗਾ, 11 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਵਿਅਕਤੀ ਨੂੰ ਨਸ਼ਾ ਕਰਕੇ ਗੱਡੀ ਚਲਾਉਣ, ਆਇਡੈਂਟਿਟੀ ਚੋਰੀ ਕਰਨ ਤੇ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਉਲੰਘਣਾਂ ਕਰਨ ਲਈ 19 ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਂਚਕਾਰਾਂ ਅਨੁਸਾਰ ਇਸ ਵਿਅਕਤੀ ਦੀ ਜੁਰਮ ਦੁਹਰਾਉਣ ਦੀ ਫਿਤਰਤ ਹੈ।

ਐਤਵਾਰ 10 ਮਾਰਚ ਨੂੰ ਪੀਲ ਰੀਜਨਲ ਪੁਲਿਸ ਉਸ ਸਮੇਂ ਹਰਕਤ ਵਿੱਚ ਆ ਗਈ ਜਦੋਂ ਉਨ੍ਹਾਂ ਨੂੰ ਸਵੇਰੇ 9:30 ਵਜੇ ਬਰੈਂਪਟਨ ਵਿੱਚ ਵਿਲੀਅਮਜ਼ ਪਾਰਕਵੇਅ ਤੇ ਡਿਕਸੀ ਰੋਡ ਏਰੀਆ ਵਿੱਚ ਭਾਰੀ ਟਰੈਕਟਰ ਟਰੇਲਰ ਕਥਿਤ ਤੌਰ ਉੱਤੇ ਉਸ ਲੇਨ ਵਿੱਚ ਜਾਂਦਾ ਨਜ਼ਰ ਆਇਆ ਜਿੱਥੇ ਭਾਰੀ ਟਰੱਕਾਂ ਨੂੰ ਲਿਜਾਣਾ ਮਨ੍ਹਾਂ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਅਧਿਕਾਰੀਆਂ ਨੂੰ ਟਰੈਫਿਕ ਰੋਕ ਕੇ ਡਰਾਈਵਰ ਤੱਕ ਪਹੁੰਚ ਕਰਨੀ ਪਈ ਜਿਹੜਾ ਪੂਰੀ ਸਪੀਡ ਨਾਲ ਭਾਰੀ ਟਰੈਕਟਰ ਟਰੇਲਰ ਨੂੰ ਗਲਤ ਦਿਸ਼ਾ ਵਿੱਚ ਲਈ ਜਾ ਰਿਹਾ ਸੀ। ਪੁਲਿਸ ਅਧਿਕਾਰੀਆਂ ਵੱਲੋਂ ਡਰਾਈਵਰ ਦੀ ਪਛਾਣ ਮਿਸੀਸਾਗਾ ਦੇ 29 ਸਾਲਾ ਲਵਪ੍ਰੀਤ ਸਿੰਘ ਵਜੋਂ ਕੀਤੀ ਗਈ।

ਲਵਪ੍ਰੀਤ ਦੀ ਗ੍ਰਿਫਤਾਰੀ ਤੋਂ ਬਾਅਦ ਇਹ ਖੁਲਾਸਾ ਹੋਇਆ ਕਿ ਉਹ ਕਿਰਾਏ ਦਾ ਟਰੈਕਟਰ ਟਰੇਲਰ ਲੈ ਕੇ ਜਾ ਰਿਹਾ ਸੀ ਉਹ ਵੀ ਨਸ਼ੇ ਦੀ ਹਾਲਤ ਵਿੱਚ ਤੇ ਇਸ ਨਾਲ ਉਸ ਨੇ ਆਪਣੀ ਰਿਹਾਈ ਸਬੰਧੀ ਕਈ ਸ਼ਰਤਾਂ ਦੀ ਵੀ ਉਲੰਘਣਾ ਕੀਤੀ। ਉਸ ਨੂੰ 19 ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿੱਚ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣਾ, ਹੈਰੋਈਨ ਤੇ ਮੈਥ ਕੋਲ ਰੱਖਣ, ਆਇਡੈਂਟਿਟੀ ਚੋਰੀ ਕਰਨ, ਪਾਬੰਦੀ ਲਾਏ ਜਾਣ ਦੇ ਬਾਵਜੂਦ ਡਰਾਈਵ ਕਰਨ ਦੇ ਚਾਰ ਮਾਮਲਿਆਂ ਵਿੱਚ ਤੇ ਖਤਰਨਾਕ ਢੰਗ ਨਾਲ ਡਰਾਈਵਿੰਗ ਕਰਨ ਦੇ ਦੋ ਚਾਰਜਿਜ਼ ਸਮੇਤ ਕਈ ਹੋਰ ਚਾਰਜਿਜ਼ ਸ਼ਾਮਲ ਹਨ।

## ਦੋ ਲਾਪਤਾ ਬੱਚਿਆਂ ਦੀ ਸੇਫਟੀ ਨੂੰ ਲੈ ਕੇ ਟੋਰਾਂਟੋ ਪੁਲਿਸ ਚਿੰਤਤ



ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਹ ਦੋ ਲਾਪਤਾ ਬੱਚਿਆਂ ਦੀ ਸੇਫਟੀ ਨੂੰ ਲੈ ਕੇ ਚਿੰਤਤ ਹਨ ਤੇ ਇਸ ਲਈ ਉਨ੍ਹਾਂ ਵੱਲੋਂ ਬੱਚਿਆਂ ਨੂੰ ਲੱਭਣ ਲਈ ਲੋਕਾਂ ਤੋਂ ਮਦਦ ਮੰਗੀ ਜਾ ਰਹੀ ਹੈ।

11 ਸਾਲ ਦੇ ਕਾਰਟਰ ਤੇ 13 ਸਾਲਾਂ ਦੇ ਡੀਸ਼ਾਅਨ ਨੂੰ ਆਖਰੀ ਵਾਰੀ ਸੋਮਵਾਰ ਨੂੰ ਦੁਪਹਿਰੇ 4:30 ਵਜੇ ਡਫਰਿਨ ਸਟਰੀਟ ਤੇ ਸ਼ੈਪਰਡ ਐਵਨਿਊ ਵੈਸਟ ਏਰੀਆ ਵਿੱਚ ਵੇਖਿਆ ਗਿਆ। ਕਾਰਟਰ ਬਾਰੇ ਜਾਰੀ ਕੀਤੇ ਵੇਰਵੇ ਅਨੁਸਾਰ ਉਸ ਦਾ ਕੱਦ ਪੰਜ ਫੁੱਟ, ਦਰਮਿਆਨੀ ਕੱਦ ਕਾਠੀ ਤੇ ਭੂਰੇ ਘੁੰਗਰਾਲੇ ਵਾਲ ਹਨ ਤੇ ਉਸ ਨੂੰ ਆਖਰੀ ਵਾਰੀ ਨੀਲੀ ਜੈਕੇਟ, ਕਾਲੀ ਪੈਂਟ ਤੇ ਚਿੱਟੇ ਰਨਿੰਗ ਸ਼ੂਜ਼ ਪਾਇਆਂ ਵੇਖਿਆ ਗਿਆ।

ਡੀਸ਼ਾਅਨ ਦਾ ਕੱਦ ਪੰਜ ਫੁੱਟ ਨੌਂ ਇੰਚ, ਦਰਮਿਆਨੀ ਕੱਦ ਕਾਠੀ ਤੇ ਭੂਰੇ ਘੁੰਗਰਾਲੇ ਵਾਲ ਹਨ। ਡੀਸ਼ਾਅਨ ਨੂੰ ਆਖਰੀ ਵਾਰੀ ਕਾਲੀ ਜੈਕੇਟ, ਗ੍ਰੇਅ ਪੈਂਟ ਜਿਸ ਉੱਤੇ ਕਾਲੀਆਂ ਜੇਬ੍ਹਾਂ ਸਨ ਤੇ ਚਿੱਟੇ ਰੰਗ ਦੇ ਜੁੱਤੇ ਪਾਇਆਂ ਵੇਖਿਆ ਗਿਆ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਦੀ ਹੋਈ ਮੌਤ




ਨੌਰਥ ਯੌਰਕ, 11 ਮਾਰਚ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਤੜਕਸਾਰ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 55 ਸਾਲਾ ਵਿਅਕਤੀ ਦੀ ਮੌਤ ਹੋ ਗਈ ਜਦਕਿ 19 ਸਾਲਾਂ ਦੇ ਡਰਾਈਵਰ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਤੇ ਹਾਦਸੇ ਨੂੰ ਅੰਜਾਮ ਦੇਣ ਕਾਰਨ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੋਮਵਾਰ ਨੂੰ ਸਵੇਰੇ 5:00 ਵਜੇ ਦੇ ਨੇੜੇ ਤੇੜੇ ਐਲਨ ਰੋਡ ਦੇ ਪੂਰਬ ਵਿੱਚ ਲਾਅਰੈਂਸ ਐਵਨਿਊ ਵੈਸਟ ਉੱਤੇ ਇੱਕ ਰਾਹਗੀਰ ਦੇ ਹਾਦਸੇ ਦਾ ਸ਼ਿਕਾਰ ਹੋਣ ਦੀਆਂ ਖਬਰਾਂ ਦੇ ਕੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਸਾਈਡਵਾਕ ਉੱਤੇ ਤੁਰਿਆ ਜਾ ਰਿਹਾ ਸੀ ਜਦੋਂ ਇੱਕ ਗੱਡੀ ਨੇ ਉਸ ਨੂੰ ਟੱਕਰ ਮਾਰ ਦਿੱਤੀ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇੰਜ ਲੱਗ ਰਿਹਾ ਸੀ ਕਿ ਗੱਡੀ ਤੋਂ ਡਰਾਈਵਰ ਆਪਣਾ ਨਿਯੰਤਰਣ ਗੁਆ ਬੈਠਿਆ ਤੇ ਸੜਕ ਤੋਂ ਉਤਰ ਕੇ ਸਾਈਡਵਾਕ ਉੱਤੇ ਤੁਰੇ ਜਾ ਰਹੇ ਵਿਅਕਤੀ ਨਾਲ ਗੱਡੀ ਟਕਰਾਅ ਗਈ। ਹਾਦਸੇ ਵਿੱਚ ਸ਼ਾਮਲ ਗੱਡੀ ਮੌਕੇ ਉੱਤੇ ਹੀ ਮੌਜੂਦ ਰਹੀ। ਡਰਾਈਵਰ ਨੂੰ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਲਈ ਚਾਰਜ ਕੀਤਾ ਗਿਆ ਹੈ। ਪੁਲਿਸ ਨੇ ਆਖਿਆ ਕਿ ਉਹ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ ਕਿ ਕਿਤੇ ਹਾਦਸਾ ਤੇਜ਼ ਰਫਤਾਰ ਕਾਰਨ ਤਾਂ ਨਹੀਂ ਵਾਪਰਿਆ।

## ਰਿਚਮੰਡ ਹਿੱਲ ਵਿੱਚ ਲੱਗੀ ਅੱਗ ਕਾਰਨ ਤਿੰਨ ਘਰਾਂ ਨੂੰ ਹੋਇਆ ਭਾਰੀ ਨੁਕਸਾਨ



ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਸੋਮਵਾਰ ਨੂੰ ਰਿਚਮੰਡ ਹਿੱਲ ਵਿੱਚ ਲੱਗੀ ਅੱਗ ਕਾਰਨ ਤਿੰਨ ਘਰਾਂ ਨੂੰ ਕਾਫੀ ਨੁਕਸਾਨ ਪਹੁੰਚਿਆ।

ਅੱਧੀ ਰਾਤ ਤੋਂ ਬਾਅਦ ਬੇਅਵਿਊ ਐਵਨਿਊ ਤੇ 16ਥ ਐਵਨਿਊ ਇਲਾਕੇ ਵਿੱਚ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਅੱਗ ਡੰਕਨ ਰੋਡ ਉੱਤੇ ਸਥਿਤ ਇੱਕ ਖਾਲੀ ਘਰ ਤੋਂ ਸ਼ੁਰੂ ਹੋਈ ਤੇ ਫਿਰ ਜਲਦ ਬਾਅਦ ਹੀ ਨੇੜਲੇ ਦੋ ਘਰਾਂ ਨੂੰ ਵੀ ਅੱਗ ਨੇ ਆਪਣੀ ਚਪੇਟ ਵਿੱਚ ਲੈ ਲਿਆ। ਅੱਗ ਉੱਤੇ ਸਵੇਰੇ 5:30 ਵਜੇ ਤੱਕ ਕਾਬੂ ਪਾ ਲਿਆ ਗਿਆ। ਐਮਰਜੰਸੀ ਅਮਲਾ ਵੱਡੀ ਮਾਤਰਾ ਵਿੱਚ ਇਲਾਕੇ ਵਿੱਚ ਮੌਜੂਦ ਰਿਹਾ।

ਜਿਸ ਘਰ ਤੋਂ ਅੱਗ ਸ਼ੁਰੂ ਹੋਈ ਉਹ ਤਾਂ ਪੂਰੀ ਤਰ੍ਹਾਂ ਤਬਾਹ ਹੋ ਗਿਆ ਜਦਕਿ ਦੋ ਦੂਜੇ ਘਰਾਂ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ। ਇੱਥੇ ਨਾਲ ਲੱਗਦੇ ਹੋਰਨਾਂ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਵੀ ਅਹਿਤਿਆਤਨ ਘਰਾਂ ਤੋਂ ਬਾਹਰ ਕੱਢ ਲਿਆ ਗਿਆ ਪਰ ਉਨ੍ਹਾਂ ਨੂੰ ਬਾਅਦ ਵਿੱਚ ਆਪਣੇ ਘਰਾਂ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ।

ਅੱਗ ਲੱਗਣ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ। ਓਨਟਾਰੀਓ ਫਾਇਰ ਮਾਰਸ਼ਲ ਨੂੰ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ ਹੈ।

## ਨਾਟਕ 'ਵਾਰਿਸ' 24 ਮਾਰਚ ਨੂੰ ਪੇਸ਼ ਕੀਤਾ ਜਾਵੇਗਾ

ਬਰੈਂਪਟਨ, (ਡਾ. ਝੰਡ) – ਭਾਰਤ ਦੀ ਆਜ਼ਾਦੀ ਲਈ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਦੀ ਲਾਸਾਨੀ ਸ਼ਹੀਦੀ ਨੂੰ ਸਮੱਰਪਿਤ ਸਮਾਗ਼ਮ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ 24 ਮਾਰਚ ਦਿਨ ਐਤਵਾਰ ਨੂੰ ਬਾਅਦ ਦੁਪਹਿਰ 1.00 ਵਜੇ ਬਰੈਂਪਟਨ ਦੇ 'ਰੋਜ਼ ਥੀਏਟਰ' ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸਮਾਗ਼ਮ ਵਿਚ ਵਿਚ ਓਂਕਾਰਪ੍ਰੀਤ ਦਾ ਲਿਖਿਆ ਨਾਟਕ 'ਵਾਰਿਸ' ਉੱਘੇ ਨਿਰਦੇਸ਼ਕ ਜਸਪਾਲ ਢਿੱਲੋਂ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਜਾਏਗਾ। ਸੰਗੀਤ ਕੁਲਵਿੰਦਰ ਖਹਿਰਾ ਦਾ ਹੈ ਅਤੇ ਗੀਤਕਾਰ ਰਾਜ ਘੁੰਮਣ ਹਨ।

ਓਂਕਾਰਪ੍ਰੀਤ ਦੇ ਦੱਸਣ ਅਨੁਸਾਰ "ਇਹ ਨਾਟਕ ਸ਼ਹੀਦ ਭਗਤ ਸਿੰਘ ਦੇ ਆਸ਼ੇ ਵਾਲੇ ਲੋਕ ਰਾਜ, ਸਮਾਜ ਤੇ ਉਸ ਦੀਆਂ ਕਦਰਾਂ-ਕੀਮਤਾਂ ਅਤੇ ਗੁਰੂ ਨਾਨਕ ਦੇ ਦਰਸਾਏ ਰੂਹਾਨੀ ਲੋਕ ਜੀਵਨ ਦੀ ਬਾਤ ਪਾਉਂਦਾ ਹੈ।" ਦਰਸ਼ਕਾਂ ਦੇ ਮੰਨੋਰੰਜਨ ਲਈ ਬਟਨ ਕਲੱਬ ਦੇ ਸੰਨੀ ਵੱਲੋਂ ਸਟੈਂਡਿੰਗ ਕਾਮੇਡੀ ਪੇਸ਼ ਕੀਤੀ ਜਾਏਗੀ ਅਤੇ 'ਸਰਦਾਰ ਬੁਆਇਜ਼ ਭੰਗੜਾ ਗਰੁੱਪ' ਵੱਲੋਂ ਸ਼ਹੀਦ ਭਗਤ ਸਿੰਘ ਦੀ ਵਾਰ ਗਾਈ ਜਾਏਗੀ।

ਇਸ ਦੌਰਾਨ ਸਮਾਗ਼ਮ ਵਿਚ ਮੁੱਖ-ਬੁਲਾਰੇ ਉੱਘੇ ਵਿਦ-ਵਾਨ ਡਾ. ਸਾਧੂ ਸਿੰਘ ਹੋਣਗੇ ਜੋ ਸ਼ਹੀਦ ਭਗਤ ਸਿੰਘ ਦੇ ਜੀਵਨ ਦੇ ਉਦੇਸ਼ ਅਤੇ ਉਨ੍ਹਾਂ ਵੱਲੋਂ ਆਜ਼ਾਦੀ ਲਈ ਲੜੀ ਗਈ ਜੰਗ ਬਾਰੇ ਆਪਣੇ ਵਿਚਾਰ ਪੇਸ਼ ਕਰਨ ਗਏ। ਸਮਾਗ਼ਮ ਦੀ ਦਾਖ਼ਲਾ ਫ਼ੀਸ ਬੜੀ ਮਾਮੂਲੀ ਜਿਹੀ (ਕੇਵਲ ਸੱਤ ਡਾਲਰ) ਰੱਖੀ ਗਈ ਹੈ ਅਤੇ 14 ਸਾਲ ਤੋਂ ਘੱਟ ਬੱਚਿਆਂ ਲਈ ਇਹ ਦਾਖ਼ਲਾ ਫ਼ਰੀ ਹੈ।




ਇਸ ਸਬੰਧੀ ਵਧੇਰੇ ਜਾਣਕਾਰੀ ਸੁਰਜੀਤ ਸਹੋਤਾ (416-704-0745), ਅੰਮ੍ਰਿਤ ਢਿੱਲੋਂ (905-794-1016), ਕੁਲਦੀਪ ਰੰਧਾਵਾ (416-892-6171), ਜਗੀਰ ਸਿੰਘ ਕਾਹਲੋਂ (647-533-8297) ਜਾਂ ਦੇਵ ਢੀਂਡਸਾ (416-560-5641) ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਅਗਲੇ ਦੋ ਸਾਲਾਂ ਵਿੱਚ ਐਲਕੋਹਲ ਐਕਸਾਈਜ਼ ਟੈਕਸ ਵਿੱਚ ਨਹੀਂ ਕੀਤਾ ਜਾਵੇਗਾ ਵਾਧਾ : ਫਰੀਲੈਂਡ



ਓਟਵਾ, 11 ਮਾਰਚ (ਪੋਸਟ ਬਿਊਰੋ) : ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਫੈਡਰਲ ਸਰਕਾਰ ਵੱਲੋਂ ਅਗਲੇ ਦੋ ਹੋਰ ਸਾਲਾਂ ਲਈ ਬੀਅਰ, ਸਪਿਰਿਟਸ ਤੇ ਵਾਈਨ ਆਦਿ ਉੱਤੇ ਲਾਏ ਜਾਣ ਵਾਲੇ ਸਾਲਾਨਾ ਅਲਕੋਹਲ ਐਕਸਾਈਜ਼ ਟੈਕਸ ਨੂੰ ਦੋ ਫੀ ਸਦੀ ਰੱਖਣ ਦਾ ਹੀ ਫੈਸਲਾ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮਹਿੰਗਾਈ ਕਾਰਨ ਅਲਕੋਹਲ ਐਕਸਾਈਜ਼ ਟੈਕਸ ਵਿੱਚ ਪਹਿਲੀ ਅਪਰੈਲ ਨੂੰ 4.7 ਫੀ ਸਦੀ ਦਾ ਵਾਧਾ ਹੋਣਾ ਤੈਅ ਸੀ ਪਰ ਫਰੀਲੈਂਡ ਵੱਲੋਂ ਅੱਜ ਇਹ ਐਲਾਨ ਕੀਤਾ ਗਿਆ ਕਿ ਇਸ ਵਾਧੇ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਨੇ ਕੁੱਝ ਲੋਕਲ ਬ੍ਰਿਊਰੀਜ਼ ਨੂੰ ਵੀ ਟੈਕਸ ਵਿੱਚ ਥੋੜ੍ਹੀ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਫਰੀਲੈਂਡ ਨੇ ਦੋ ਸਾਲਾਂ ਲਈ ਬੀਅਰ ਦੇ ਪਹਿਲੇ 15,000 ਹੈਕਟੋਲੀਟਰਜ਼ ਉੱਤੇ ਐਕਸਾਈਜ਼ ਡਿਊਟੀ ਰੇਟਾਂ ਵਿੱਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ।

ਫਰੀਲੈਂਡ ਦਾ ਕਹਿਣਾ ਹੈ ਕਿ ਕੈਨੇਡਾ ਦੇ ਸਮਾਲ ਕ੍ਰਾਫਟ ਬ੍ਰਿਊਅਰਜ਼ ਦੁਨੀਆਂ ਦੇ ਬਿਹਤਰੀਨ ਕਾਰੋਬਾਰੀਆਂ ਵਿੱਚ ਸ਼ਾਮਲ ਹਨ ਤੇ ਦੇਸ਼ ਦੇ ਅਰਥਚਾਰੇ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਰੈਸਟੋਰੈਂਟ ਕੈਨੇਡਾ ਵੱਲੋਂ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਰੈਸਟੋਰੈਂਟ ਕੈਨੇਡਾ ਦਾ ਕਹਿਣਾ ਹੈ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਐਨੀ ਵੱਡੀ ਵਿੱਤੀ ਰਾਹਤ ਨਾਲ ਆਪਰੇਟਰਜ਼ ਨੂੰ ਵੀ ਥੋੜ੍ਹਾ ਸਾਹ ਆਵੇਗਾ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਥਾਂਉਂ-ਥਾਂ ਲੱਗੀ ਪਈ ਜਾਪਦੀ ਘਾਤ ਜਿੱਦਾਂ,
ਬਹੁਤੇ ਸਰਗਰਮ ਪੰਜਾਬ ਵਿੱਚ ਠੱਗ ਬੇਲੀ।
ਫਸਦਾ ਦਿੱਸਦਾ ਸ਼ਿਕਾਰ ਇਹ ਰਗੜ ਦੇਂਦੇ,
ਨਿਕਲਿਆ ਧੂੰਆਂ ਨਾ ਦਿੱਸੀ ਹੈ ਅੱਗ ਬੇਲੀ।
ਖੜਾ-ਖੜੋਤਾ ਇਹ ਬੰਦਾ ਤੱਕ ਵੇਚ ਛੱਡਣ,
ਵੇਚ ਦੇਣ ਬੰਦਾ ਤਾਂ ਦਿੱਸੇ ਪਈ ਪੱਗ ਬੇਲੀ।
ਜੀਹਦਾ ਵੇਚਿਆ ਮਾਲ, ਉਹ ਜਾਣਦਾ ਨਹੀਂ,
ਸਕਿਆ ਪਤਾ ਨਹੀਂ ਕਦੀ ਕੋਈ ਲੱਗ ਬੇਲੀ।
ਗੁੰਝਲਦਾਰ ਜਿਹਾ ਸਿਸਟਮ ਆ ਜਾਂਚ ਵਾਲਾ,
ਰਹਿੰਦੇ ਕੇਸ ਇਹ ਅਕਸਰ ਲਟਕਾਏ ਬੇਲੀ।
ਜੋ ਵੀ ਲੁੱਟਿਆ ਗਿਆ ਰੋਂਦਾ ਏ ਰਹਿ ਜਾਂਦਾ,
ਬੀਤਿਆ ਵਕਤ ਨਾ ਹੱਥੀਂ ਫਿਰ ਆਏ ਬੇਲੀ।

**ਤੀਸ ਮਾਰ ਖਾਂ**

# ਟੈਕਸਾਂ ਵਿੱਚ ਵਾਧਾ ਕੀਤੇ ਬਿਨਾਂ ਖਰਚੇ ਵਧਾਉਣ ਦਾ ਸਰਕਾਰ ਕੋਲ ਕੋਈ ਚਾਰਾ ਨਹੀਂ : ਗਿਰੌਕਸ

ਓਟਵਾ, 11 ਮਾਰਚ (ਪੋਸਟ ਬਿਊਰੋ) : ਪਾਰਲੀਆਮੈਂਟਰੀ ਬਜਟ ਆਫੀਸਰ ਯਵੇਸ ਗਿਰੌਕਸ ਅਨੁਸਾਰ ਆਉਣ ਵਾਲੇ ਬਜਟ ਵਿੱਚ ਫੈਡਰਲ ਸਰਕਾਰ ਕੋਲ ਟੈਕਸਾਂ ਵਿੱਚ ਵਾਧਾ ਕੀਤੇ ਬਿਨਾਂ ਖਰਚੇ ਵਧਾਉਣ ਦੀ ਗੁੰਜਾਇਸ਼ ਕਾਫੀ ਘੱਟ ਹੈ।

ਗਿਰੌਕਸ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਜੇ ਸਰਕਾਰ 2026 ਤੋਂ ਬਾਅਦ ਘਾਟੇ ਨੂੰ ਜੀਡੀਪੀ ਦਾ ਇੱਕ ਫੀ ਸਦੀ ਤੋਂ ਘੱਟ ਰੱਖਣਾ ਚਾਹੁੰਦੀ ਹੈ ਤਾਂ ਸਰਕਾਰ ਕੋਲ ਨਵੇਂ ਖਰਚਿਆਂ ਲਈ ਬਹੁਤੀ ਗੁੰਜਾਇਸ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਜੇ ਸਰਕਾਰ ਕੁੱਝ ਖੇਤਰਾਂ ਵਿੱਚ ਖਰਚੇ ਘਟਾਉਣ ਤੇ ਟੈਕਸਾਂ ਵਿੱਚ ਵਾਧਾ ਕਰਨ ਦਾ ਫੈਸਲਾ ਕਰਦੀ ਹੈ ਤਾਂ ਉਸ ਦੀ ਖਰਚੇ ਕਰਨ ਦੀ ਸਮਰੱਥਾ ਵੱਧ ਜਾਵੇਗੀ ਪਰ ਜਿਹੋ ਜਿਹੇ ਹਾਲਾਤ ਇਸ ਸਮੇਂ ਹਨ ਉਨ੍ਹਾਂ ਵਿੱਚ ਟੈਕਸਾਂ ਵਿੱਚ ਵਾਧਾ ਕੀਤੇ ਬਿਨਾਂ ਸਰਕਾਰ ਕੋਲ ਖਰਚਿਆਂ ਵਿੱਚ ਵਾਧਾ ਕਰਨ ਬਾਰੇ ਸੋਚਣਾ ਵੀ ਮੁਸ਼ਕਲ ਹੈ।

ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਇਸ ਹਫਤੇ



ਇਹ ਐਲਾਨ ਕੀਤਾ ਗਿਆ ਸੀ ਕਿ ਉਹ 16 ਅਪਰੈਲ ਨੂੰ ਫੈਡਰਲ ਬਜਟ ਪੇਸ਼ ਕਰੇਗੀ। ਫਰੀਲੈਂਡ ਅਨੁਸਾਰ ਬਜਟ ਪੇਸ਼ ਕਰਨ ਤੋਂ ਬਾਅਦ ਅਗਲੀ ਪੀੜ੍ਹੀ ਲਈ ਮੱਧਵਰਗੀ ਜ਼ਿੰਦਗੀ ਬਿਹਤਰ ਹੋ ਜਾਵੇਗੀ। ਫੈਡਰਲ ਸਰਕਾਰ ਵੱਲੋਂ ਟੈਕਸਾਂ ਵਿੱਚ ਵਾਧਾ ਕੀਤੇ ਜਾਣ ਦੀ ਕਿਸੇ ਯੋਜਨਾਂ ਦਾ ਸੰਕੇਤ ਨਹੀਂ ਦਿੱਤਾ ਗਿਆ ਹੈ। ਪਰ ਉਨ੍ਹਾਂ ਆਖਿਆ ਕਿ ਉਹ ਅਗਲੇ ਪੰਜ ਸਾਲਾਂ ਵਿੱਚ ਕਈ ਡਿਪਾਰਟਮੈਂਟਸ ਵਿੱਚ ਹੋਣ ਵਾਲੇ ਖਰਚਿਆਂ ਉੱਤੇ ਨਕੇਲ ਕੱਸ ਕੇ 15 ਮਿਲੀਅਨ ਡਾਲਰ ਹੋਰ ਕੱਢ ਲਵੇਗੀ। ਇਸ ਦੇ ਨਾਲ ਹੀ ਫਰੀਲੈਂਡ ਨੇ 2028 ਤੋਂ ਪਹਿਲਾਂ ਖਰਚਿਆਂ ਨੂੰ 14.1 ਬਿਲੀਅਨ ਡਾਲਰ ਤੱਕ ਘਟਾਉਣ ਦਾ ਤਹੱਈਆ ਵੀ ਪ੍ਰਗਟਾਇਆ। ਇਸ ਤੋਂ ਭਾਵ ਹੈ ਕਿ ਫਰੀਲੈਂਡ ਹਰ ਸਾਲ ਖਰਚਿਆਂ ਵਿੱਚ 4.1 ਬਿਲੀਅਨ ਡਾਲਰ ਦੀ ਕਟੌਤੀ ਕਰਨਾ ਚਾਹੁੰਦੀ ਹੈ।

ਪਰ ਗਿਰੌਕਸ ਅਨੁਸਾਰ ਇਹ ਕਟੌਤੀਆਂ ਸਰਕਾਰ ਵੱਲੋਂ ਪਿੱਛੇ ਜਿਹੇ ਕੀਤੀਆਂ ਗਈਆਂ ਵਚਨਬੱਧਤਾਵਾਂ, ਜਿਵੇਂ ਕਿ ਡਾਇਬਟੀਜ਼ ਤੇ ਗਰਭਨਿਰੋਧਕ ਦਵਾਈਆਂ ਲਈ ਫਾਰਮਾਕੇਅਰ ਪ੍ਰੋਗਰਾਮ, ਫੈਡਰਲ ਡਿਸਐਬਿਲਿਟੀ ਬੈਨੇਫਿਟ, ਜਾਂ ਫਿਰ ਨਾਟੋ ਵੱਲੋਂ ਡਿਫੈਂਸ ਉੱਤੇ ਜੀਡੀਪੀ ਦਾ ਦੋ ਫੀ ਸਦੀ ਖਰਚਣ ਦਾ ਟੀਚਾ ਪੂਰਾ ਕਰਨ ਆਦਿ ਲਈ ਕਾਫੀ ਨਹੀਂ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਸਾਰੇ ਵਾਅਦਿਆਂ ਨੂੰ ਬਜਟ ਵਿੱਚ ਅਜੇ ਤੱਕ ਸ਼ਾਮਲ ਨਹੀਂ ਕੀਤਾ ਗਿਆ ਹੈ।

# ਆਸਿਫ ਅਲੀ ਜ਼ਰਦਾਰੀ ਬਣੇ ਪਾਕਿਸਤਾਨ ਦੇ ਰਾਸ਼ਟਰਪਤੀ

ਇਸਲਾਮਾਬਾਦ, 11 ਮਾਰਚ (ਪੋਸਟ ਬਿਊਰੋ): ਆਸਿਫ਼ ਅਲੀ ਜ਼ਰਦਾਰੀ ਪਾਕਿਸਤਾਨ ਦੇ ਰਾਸ਼ਟਰਪਤੀ ਬਣ ਗਏ ਹਨ। ਜ਼ਰਦਾਰੀ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਨ੍ਹਾਂ ਦੀ ਬੇਟੀ ਪਾਕਿਸਤਾਨ ਦੀ ਫਰਸਟ ਲੇਡੀ ਹੋਵੇਗੀ। ਆਮ ਤੌਰ 'ਤੇ ਪਤਨੀ ਪਰਸਟ ਲੇਡੀ ਹੁੰਦੀ ਹੈ, ਪਰ ਆਸਿਫ ਅਲੀ ਜ਼ਰਦਾਰੀ ਦੀ ਪਤਨੀ ਬੇਨਜ਼ੀਰ ਭੁੱਟੋ ਦਾ ਦਿਹਾਂਤ ਹੋ ਗਿਆ ਹੈ, ਇਸ ਲਈ ਪਾਕਿਸਤਾਨ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ, ਜਦੋਂ ਕੋਈ ਬੇਟੀ ਫਰਸਟ ਲੇਡੀ ਬਣੇਗੀ। ਲੋਕ ਬੇਟੀ ਦੀ ਤੁਲਨਾ ਮਾਂ ਬੇਨਜ਼ੀਰ ਨਾਲ ਕਰ ਰਹੇ ਹਨ।

ਆਸਿਫ਼ ਅਲੀ ਜ਼ਰਦਾਰੀ ਐਤਵਾਰ ਨੂੰ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਪਾਕਿਸਤਾਨ ਦੇ 14ਵੇਂ ਰਾਸ਼ਟਰਪਤੀ ਬਣ ਗਏ ਹਨ। ਉਹ



ਦੂਜੀ ਵਾਰ ਇਹ ਅਹੁਦਾ ਸੰਭਾਲਣ ਵਾਲੇ ਪਹਿਲੇ ਨਾਗਰਿਕ ਹਨ। ਇਸ ਦੌਰਾਨ ਪਾਕਿਸਤਾਨੀ ਮੀਡੀਆ ਰਿਪੋਰਟਾਂ ਮੁਤਾ-ਬਕ ਜ਼ਰਦਾਰੀ ਆਪਣੀ ਬੇਟੀ ਆਸਿਫਾ ਭੁੱਟੋ ਨੂੰ ਦੇਸ਼ ਦੀ ਫਰਸਟ ਲੇਡੀ ਵਜੋਂ ਰਸਮੀ ਮਾਨਤਾ ਦੇਣ ਦਾ ਐਲਾਨ ਕਰਨਗੇ।

ਇਸ ਤਰ੍ਹਾਂ ਪਾਕਿਸਤਾਨ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੋਵੇਗਾ, ਜਦੋਂ ਰਾਸ਼ਟਰਪਤੀ ਦੀ ਬੇਟੀ ਫਰਸਟ ਲੇਡੀ ਬਣੇਗੀ। ਆਸਿਫ਼ ਦੀ ਪਤਨੀ ਬੇਨਜ਼ੀਰ ਭੁੱਟੋ ਜਿਨ੍ਹਾਂ ਦੀ 2007 ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਸ ਕਾਰਨ ਹੁਣ ਜ਼ਰਦਾਰੀ ਦੀ ਬੇਟੀ ਫਰਸਟ ਲੇਡੀ ਬਣੇਗੀ। ਉਨ੍ਹਾਂ ਨੂੰ ਪੂਰਾ ਪ੍ਰੋਟੋਕੋਲ ਦਿੱਤਾ ਜਾਵੇਗਾ।

# ਅਮਰੀਕਾ ਵਿਚ ਬੰਦੂਕਧਾਰੀ ਨੇ ਪ੍ਰਾਈਵੇਟ ਪਾਰਟੀ ਵਿਚ ਚਲਾਈਆਂ ਗੋਲੀਆਂ, ਤਿੰਨ ਮੌਤਾਂ ਅਤੇ ਕਈ ਜ਼ਖਮੀ

ਵਾਸ਼ਿੰਗਟਨ, 11 ਮਾਰਚ (ਪੋਸਟ ਬਿਊਰੋ): ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਹਮਲਾਵਰਾਂ ਵਲੋਂ ਉੱਚੀ-ਉੱਚੀ ਗਾਲ੍ਹਾਂ ਕੱਢਣ ਦੀਆਂ ਘਟਨਾਵਾਂ ਹਰ ਰੋਜ਼ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਤਾਜ਼ਾ ਮਾਮਲਾ ਅਮਰੀਕਾ ਦੇ ਅਰਕਨਸਾਸ ਤੋਂ ਸਾਹਮਣੇ ਆਇਆ ਹੈ। ਇੱਥੇ ਅਚਾਨਕ ਇੱਕ ਸਿਰਫਿਰੇ ਬੰਦੂਕਧਾਰੀ ਨੇ ਇੱਕ ਪ੍ਰਾਈਵੇਟ ਪਾਰਟੀ ਵਿੱਚ ਗੋਲੀਆਂ ਚਲਾ ਦਿੱਤੀਆਂ। ਇਸ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਕਈ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਵੱਡੀ ਗੱਲ ਇਹ ਹੈ ਕਿ ਗੋਲੀਬਾਰੀ ਕਰਨ ਵਾਲੇ ਹਮਲਾਵਰ ਦੀ ਵੀ ਮੌਤ ਹੋ ਗਈ ਹੈ। ਇਹ ਘਟਨਾ ਐਤਵਾਰ ਨੂੰ ਅਰਕਾਨਸਾਸ ਦੀ ਰਾਜਧਾਨੀ



ਲਿਟਲ ਰੌਕ ਤੋਂ ਇਕ ਘੰਟੇ ਦੀ ਦੂਰੀ 'ਤੇ ਸਥਿਤ ਜੋਨਸਬੋਰੋ ਸ਼ਹਿਰ 'ਚ ਵਾਪਰੀ।

ਪੁਲਿਸ ਨੇ ਦੱਸਿਆ ਕਿ ਸ਼ਹਿਰ ਦੀ ਇੱਕ ਪੁਰਾਣੀ ਇਮਾਰਤ ਵਿੱਚ ਪ੍ਰਾਈਵੇਟ ਪਾਰਟੀ ਦਾ ਆਯੋਜਨ ਕੀਤਾ ਜਾ ਰਿਹਾ ਸੀ। ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ। ਮੌਕੇ 'ਤੇ ਕਈ ਲੋਕ ਜ਼ਖਮੀ ਹੋਏ ਪਏ ਸਨ। ਪੁਲਿਸ ਨੇ ਦੱਸਿਆ ਕਿ ਘਟਨਾ ਦਾ ਸ਼ਿਕਾਰ ਹੋਏ ਮਰਦ ਅਤੇ ਔਰਤਾਂ ਗੋਲੀ ਚਲਾਉਣ ਵਾਲੇ ਵਿਅਕਤੀ ਨੂੰ ਜਾਣਦੇ ਸਨ। ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਮੁਲਜ਼ਮ ਨੇ ਗੋਲੀ ਕਿਉਂ ਚਲਾਈ।

## ਬਰਾਤ ਵਾਲੀ ਭਰੀ ਬੱਸ 'ਤੇ ਡਿੱਗੀ ਹਾਈਟੈਂਸ਼ਨ ਬਿਜਲੀ ਦੀ ਤਾਰ, ਕਈਆਂ ਦਾ ਮਾਰੇ ਜਾਣ ਦਾ ਸ਼ੱਕ



ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ 'ਚ ਸਵਾਰੀਆਂ ਨਾਲ ਭਰੀ ਬੱਸ ਨੂੰ ਅਚਾਨਕ ਅੱਗ ਲੱਗ ਗਈ। ਇਸ ਘਟਨਾ 'ਚ ਕਈ ਯਾਤਰੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਜਾਣਕਾਰੀ ਮਿਲੀ ਹੈ ਕਿ ਇਹ ਘਟਨਾ ਮਰਦਾਹ ਥਾਣਾ ਖੇਤਰ ਦੇ ਮਹਾਹਰ ਧਾਮ ਨੇੜੇ ਵਾਪਰੀ। ਇੱਕ ਯਾਤਰੀ ਬੱਸ ਜੋ ਬਰਾਤੀਆਂ ਨਾਲ ਭਰੀ ਹੋਈ ਸੀ, ਉਸ ਉੱਤੇ 11000 ਵੋਲਟ ਦੀ ਹਾਈਟੈਂਸ਼ਨ ਬਿਜਲੀ ਦੀ ਤਾਰ ਡਿੱਗ ਗਈ ਅਤੇ ਬੱਸ ਨੂੰ ਅਚਾਨਕ ਅੱਗ ਲੱਗ ਗਈ। ਬੱਸ ਵਿੱਚ ਬੈਠੀਆਂ ਸਵਾਰੀਆਂ ਦੇ ਸੜਨ ਦਾ ਖ਼ਦਸ਼ਾ ਹੈ। ਹਾਲਾਂਕਿ ਮੌਤਾਂ ਦੀ ਗਿਣਤੀ ਦੀ ਹਾਲੇ ਪੁਸ਼ਟੀ ਨਹੀਂ ਹੋਈ ਹੈ।

# ਮੁੱਖ ਚੋਣ ਕਮਿਸ਼ਨਰ ਵੱਲੋਂ ਆਬਜ਼ਰਵਰਾਂ ਨੂੰ ਚੋਣਾਂ ਦੌਰਾਨ ਅਨੁਕੂਲ ਤੇ ਬਰਾਬਰ ਮਾਹੌਲ ਯਕੀਨੀ ਬਣਾਉਣ ਦੇ ਨਿਰਦੇਸ਼

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ): ਲੋਕ ਸਭਾ ਅਤੇ ਕੁਝ ਵਿਧਾਨ ਸਭਾਵਾਂ ਦੀਆਂ ਆਗਾਮੀ ਆਮ ਚੋਣਾਂ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਵੱਲੋਂ ਅੱਜ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਤਾਇਨਾਤ ਕੀਤੇ ਜਾਣ ਵਾਲੇ ਆਬਜ਼ਰਵਰਾਂ ਨੂੰ ਚੋਣਾਂ ਸਬੰਧੀ ਦਿਸ਼ਾ-ਨਿਰਦੇਸ਼ਾਂ ਤੋਂ ਜਾਣੂ ਕਰਵਾਉਣ ਲਈ ਮੀਟਿੰਗ ਕੀਤੀ ਗਈ।

ਵਿਗਿਆਨ ਭਵਨ, ਨਵੀਂ ਦਿੱਲੀ ਵਿਖੇ ਹਾਈਬ੍ਰਿਡ ਮੋਡ ਵਿੱਚ ਕੀਤੀ ਗਈ ਇਸ ਮੀਟਿੰਗ ਵਿੱਚ ਸੀਨੀਅਰ ਆਈ.ਏ.ਐਸ ਅਤੇ ਆਈ.ਪੀ.ਐਸ. ਅਧਿਕਾਰੀਆਂ ਦੇ ਨਾਲ-ਨਾਲ ਇੰਡੀਅਨ ਰੈਵਿਨਿਊ ਸਰਵਿਸ ਅਤੇ ਹੋਰ ਕੇਂਦਰੀ ਸੇਵਾਵਾਂ ਦੇ 2150 ਤੋਂ ਵੱਧ ਅਧਿਕਾਰੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚੋਂ ਕੁਝ ਅਧਿਕਾਰੀ ਆਪੋ-ਆਪਣੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਦਫ਼ਤਰਾਂ ਤੋਂ ਇਸ ਮੀਟਿੰਗ ਵਿੱਚ ਆਨਲਾਈਨ ਸ਼ਾਮਲ ਹੋਏ। ਦੱਸਣਯੋਗ ਹੈ ਕਿ ਆਗਾਮੀ ਚੋਣਾਂ ਲਈ ਲਗਭਗ 900 ਜਨਰਲ ਆਬ-ਜ਼ਰਵਰ, 450 ਪੁਲਿਸ ਆਬਜ਼ਰਵਰ ਅਤੇ 800 ਖਰਚਾ ਆਬਜ਼ਰਵਰ ਤਾਇਨਾਤ ਕੀਤੇ ਜਾ ਰਹੇ ਹਨ।

ਚੋਣਾਂ ਵਿੱਚ ਆਬਜ਼ਰਵਰਾਂ ਦੀ ਅਹਿਮ ਭੂਮਿਕਾ ਬਾਰੇ ਗੱਲ ਕਰਦਿਆਂ ਮੁੱਖ ਚੋਣ ਕਮਿਸ਼ਨਰ ਸ੍ਰੀ ਰਾਜੀਵ



ਕੁਮਾਰ ਨੇ ਆਬਜ਼ਰਵਰਾਂ ਨੂੰ ਚੋਣਾਂ ਦੌਰਾਨ ਡਰਾਉਣ-ਧਮਕਾਉਣ ਅਤੇ ਉਕਸਾਉਣ ਦੀਆਂ ਕਾਰਵਾਈਆਂ 'ਤੇ ਨੇੜਿਓਂ ਨਜ਼ਰ ਰੱਖਣ ਲਈ ਆਖਦਿਆਂ ਸਾਰਿਆਂ ਲਈ ਇੱਕ ਸਮਾਨ ਅਤੇ ਅਨੁਕੂਲ ਮਾਹੌਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਚੋਣ ਅਮਲ ਨੂੰ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਮੁੱਖ ਚੋਣ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਕਮਿਸ਼ਨ ਦੇ ਨੁਮਾਇੰਦਿਆਂ ਵਜੋਂ ਆਬਜ਼ਰਵਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਪੇਸ਼ੇਵਰਾਨਾ ਢੰਗ ਨਾਲ ਪੇਸ਼ ਆਉਂਦਿਆਂ ਉਮੀਦਵਾਰਾਂ ਅਤੇ ਭਾਈਵਾਲਾਂ ਤੱਕ ਪਹੁੰਚ ਬਣਾ ਕੇ ਰੱਖਣ।

ਮੀਟਿੰਗ ਵਿੱਚ ਆਬਜ਼ਰਵਾਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਡਿਊਟੀ ਦੌਰਾਨ ਆਪਣੇ ਵਿਵਹਾਰ ਵਿੱਚ ਸਖਤੀ ਅਤੇ ਨਿਮਰਤਾ ਦਾ ਸੁਮੇਲ ਬਣਾ ਕੇ ਰੱਖਣ। ਉਨ੍ਹਾਂ ਚੋਣ ਆਬਜ਼ਰਵਰਾਂ ਨੂੰ ਪੋਲਿੰਗ ਸਟੇਸ਼ਨਾਂ ਦਾ ਦੌਰਾ ਕਰਕੇ ਜ਼ਮੀਨੀ ਹਾਲਾਤਾਂ ਤੋਂ ਜਾਣੂ ਹੋਣ ਦੇ ਨਾਲ-ਨਾਲ ਸੰਵੇਦਨਸ਼ੀਲ ਖੇਤਰਾਂ ਦਾ ਜਾਇਜ਼ਾ ਲੈਣ ਲਈ ਵੀ ਕਿਹਾ।

ਸ਼੍ਰੀ ਕੁਮਾਰ ਨੇ ਇਹ ਵੀ ਦੱਸਿਆ ਕਿ ਕਮਿਸ਼ਨ ਨੇ ਸਾਰੇ ਸਰਕੁਲਰਸ ਦਾ ਖਰੜਾ ਨਵੇਂ ਸਿਰਿਓਂ ਤਿਆਰ ਕਰਨ ਦੇ ਨਾਲ-ਨਾਲ ਮੈਨੂਅਲ ਅਤੇ ਹੈਂਡਬੁੱਕਸ ਨੂੰ ਅਪਡੇਟ ਕੀਤਾ ਹੈ, ਜੋ ਈ.ਸੀ.ਆਈ. ਦੀ ਵੈੱਬਸਾਈਟ 'ਤੇ ਪੜ੍ਹਨ ਲਈ ਆਸਾਨ ਫਾਰਮੈਟ ਵਿੱਚ ਉਪਲਬਧ ਹਨ। ਉਨ੍ਹਾਂ ਅੱਗੇ ਕਿਹਾ ਕਿ ਵੱਖ-ਵੱਖ ਕਰਮਚਾਰੀਆਂ ਦੀਆਂ ਭੂਮਿਕਾਵਾਂ ਅਤੇ ਕਾਰਜਾਂ ਦੇ ਆਧਾਰ 'ਤੇ ਹੈਂਡਬੁੱਕ ਅਤੇ ਮੈਨੂਅਲ ਤਿਆਰ ਕਰਨ ਤੋਂ ਇਲਾਵਾ ਹਦਾਇਤਾਂ (ਕੀ ਕਰਨਾ ਅਤੇ ਕੀ ਨਹੀਂ ਕਰਨਾ) ਦੀ ਸੂਚੀ ਵੀ ਤਿਆਰ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਕਮਿਸ਼ਨ ਦੀਆਂ ਵੱਖ-ਵੱਖ ਨਵੀਆਂ ਪਹਿਲਕਦਮੀਆਂ ਅਤੇ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣਕਾਰੀ ਦੇਣ ਲਈ ਸਾਰੇ ਆਬਜ਼ਰਵਰਾਂ ਨੂੰ ਮਹੱਤਵਪੂਰਨ ਤੱਥਾਂ ਬਾਰੇ ਜਾਣੂ ਕਰਵਾਇਆ ਗਿਆ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

# ਬਰੈਂਪਟਨ ਦੀ ਟੀ.ਪੀ.ਏ.ਆਰ. ਕਲੱਬ ਦੇ ਚਾਰ ਮੈਂਬਰਾਂ ਨੇ ਬਰਲਿੰਗਟਨ ਵਿਚ ਹੋਈ 'ਚਿੱਲੀ ਹਾਫ਼ ਮੈਰਾਥਨ' 'ਚ ਸਫ਼ਲਤਾ ਪੂਰਵਕ ਭਾਗ ਲਿਆ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 3 ਮਾਰਚ ਨੂੰ ਬਰਲਿੰਗਟਨ ਵਿਖੇ ਹੋਈ 'ਚਿੱਲੀ ਹਾਫ਼ ਮੈਰਾਥਨ' ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ ਦੇ ਚਾਰ ਮੈਂਬਰਾਂ ਧਿਆਨ ਸਿੰਘ ਸੋਹਲ, ਜਸਵਿੰਦਰ ਧਾਲੀਵਾਲ, ਅਮਰਜੀਤ ਸਿੰਘ ਅਤੇ ਮਨਜੀਤ ਨੌਟਾ ਨੇ ਸਫ਼ਲਤਾ ਪੂਰਵਕ ਹਿੱਸਾ ਲਿਆ। ਪ੍ਰਬੰਧਕਾਂ ਅਨੁਸਾਰ ਇਸ ਸਾਲ ਹੋਏ ਇਸ ਈਵੈਂਟ ਵਿਚ 4000 ਤੋਂ ਵਧੀਕ ਦੌੜਾਕਾਂ ਵੱਲੋਂ ਇਸ ਈਵੈਂਟ ਵਿਚ ਭਾਗ ਲਿਆ ਗਿਆ।

ਪੀਪੀਏਆਰ ਕਲੱਬ ਦੇ ਇਹ ਚਾਰੇ ਦੌੜਾਕ ਕਾਰ ਵਿਚ ਸਵਾਰ ਹੋ ਕੇ ਸਵੇਰੇ ਨੌਂ ਵਜੇ ਬਰਲਿੰਗਟਨ ਪਹੁੰਚ ਗਏ ਅਤੇ ਕੁਝ ਚਿਰ 'ਵਾਰਮ-ਅੱਪ' ਹੋਣ ਤੋਂ ਬਾਅਦ ਸਵੇਰੇ ਦਸ ਵਜੇ ਇਸ ਦੌੜ ਵਿਚ ਸ਼ਾਮਲ ਹੋਏ। ਕਲੱਬ ਦੇ ਸੀਨੀਅਰ ਦੌੜਾਕ ਧਿਆਨ ਸਿੰਘ ਸੋਹਲ ਅਤੇ ਨੌਜੁਆਨ ਦੌੜਾਕ ਜਸਵਿੰਦਰ ਧਾਲੀਵਾਲ ਨੇ ਇਹ 21 ਕਿਲੋਮੀਟਰ ਦੌੜ ਇੱਕ ਘੰਟਾ 51 ਮਿੰਟ



**ਬਰੈਂਪਟਨ ਦੇ ਇੱਕ ਹੋਰ ਦੌੜਾਕ ਸੰਜੂ ਗੁਪਤਾ ਵੀ ਬਣੇ ਇਸ ਈਵੈਂਟ ਦਾ ਹਿੱਸਾ**

43 ਸਕਿੰਟਾਂ ਵਿਚ ਸਫ਼ਲਤਾ ਪੂਰਵਕ ਸੰਪੰਨ ਕੀਤੀ। ਜਸਵਿੰਦਰ ਧਾਲੀਵਾਲ ਇਹ ਸਮਾਂ ਉਸ ਵੱਲੋਂ ਪਹਿਲਾਂ ਲਾਈਆਂ ਗਈਆਂ ਹਾਫ਼-ਮੈਰਾਥਨਾਂ ਨਾਲੋਂ ਸੱਭ ਤੋਂ ਘੱਟ ਸੀ। ਜਦਕਿ ਦੂਸਰੇ ਦੋਹਾਂ ਦੌੜਾਕਾਂ ਅਮਰਜੀਤ ਸਿੰਘ ਅਤੇ ਮਨਜੀਤ ਨੌਟਾ ਨੇ ਇਸ ਦੇ ਲਈ ਕ੍ਰਮਵਾਰ ਇਕ ਘੰਟਾ 54 ਮਿੰਟ 34 ਸਕਿੰਟ ਅਤੇ ਦੋ ਘੰਟੇ 15 ਮਿੰਟ 10 ਸਕਿੰਟ ਦਾ ਸਮਾਂ ਲਿਆ।

ਲੰਮੀਆਂ ਦੌੜਾਂ ਵਾਲੇ ਅਜਿਹੇ ਈਵੈਂਟਸ ਵਿਚ ਸਮਾਂ ਬਹੁਤਾ ਮਾਅਨੇ ਨਹੀਂ ਰੱਖਦਾ, ਸਗੋਂ ਇਨ੍ਹਾਂ ਦੌੜਾਂ ਵਿੱਚ ਭਾਗ ਲੈਣਾ ਹੀ ਬੜੇ ਮਾਣ ਵਾਲੀ ਗੱਲ ਹੁੰਦੀ ਹੈ ਅਤੇ ਟੀਪੀਆਰ ਕਲੱਬ ਇਸ ਦੇ ਲਈ ਆਪਣੇ ਦੌੜਾਕਾਂ ਦੀ ਇਸ ਈਵੈਂਟ ਵਿੱਚ ਸ਼ਮੂਲੀਅਤ 'ਤੇ ਫ਼ਖ਼ਰ ਮਹਿਸੂਸ ਕਰਦੀ ਹੈ।

ਇਸ ਦੇ ਨਾਲ ਹੀ ਬਰੈਂਪਟਨ ਦੇ ਇਕ ਹੋਰ ਦੌੜਾਕ ਸੰਜੂ ਗੁਪਤਾ ਨੇ ਵੀ ਇਸ ਹਾਫ਼-ਮੈਰਾਥਨ ਵਿਚ ਭਾਗ ਲਿਆ। ਰਸਤੇ ਵਿਚ ਦੌੜਦਿਆਂ ਪੈਰ ਵਿਚ ਚੋਟ ਆ ਜਾਣ ਕਾਰਨ ਉਹ ਬਹੁਤਾ ਪੈਂਡਾ ਪੈਦਲ ਹੀ ਚੱਲ ਸਕੇ ਪਰ ਫਿਰ ਵੀ ਹਿੰਮਤ ਕਰਕੇ ਉਨ੍ਹਾਂ 21 ਕਿਲੋਮੀਟਰ ਦਾ ਇਹ ਲੰਮਾਂ ਸਫ਼ਰ ਸਫ਼ਲਤਾ ਪੂਰਵਕ ਤੈਅ ਕੀਤਾ।



# ਟੋਕੀਓ ਮੈਰਾਥਨ ਵਿਚ ਸੂਰਤ ਸਿੰਘ ਚਾਹਲ ਤੇ ਕਰਮਜੀਤ ਸਿੰਘ ਕੋਚ ਨੇ ਸਫ਼ਲਤਾ ਪੂਰਵਕ ਲਗਾਈ ਮੈਰਾਥਨ ਦੌੜ

## ਸੂਰਤ ਸਿੰਘ ਚਾਹਲ ਨੇ ਜਿੱਤਿਆ ਵੱਕਾਰੀ 'ਸਿਕਸ ਸਟਾਰ ਮੈਡਲ'

ਬਰੈਂਪਟਨ, (ਡਾ. ਝੰਡ) - ਟੋਕੀਓ ਤੋਂ ਕਰਮਜੀਤ ਸਿੰਘ ਕੋਚ ਤੋਂ ਫ਼ੋਨ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸ਼ਨੀਵਾਰ 2 ਮਾਰਚ ਨੂੰ ਜਾਪਾਨ ਦੀ ਰਾਜਧਾਨੀ ਟੋਕੀਓ ਵਿਚ ਹੋਈ ਮੈਰਾਥਨ ਦੌੜ ਵਿਚ ਉਨ੍ਹਾਂ ਨੇ ਅਤੇ ਸੂਰਤ ਸਿੰਘ ਚਾਹਲ ਨੇ ਭਾਗ ਲਿਆ ਅਤੇ ਇਹ ਅੰਤਰਰਾਸ਼ਟਰੀ ਵੱਕਾਰੀ ਦੌੜ ਸਫ਼ਲਤਾ ਪੂਰਵਕ ਸੰਪੰਨ ਕੀਤੀ। ਕਰਮਜੀਤ ਸਿੰਘ ਕੋਚ ਨੇ 42 ਕਿਲੋਮੀਟਰ ਦੌੜ ਚਾਰ ਘੰਟੇ ਸੱਤ ਮਿੰਟ ਵਿਚ ਲਗਾਈ ਅਤੇ ਸੂਰਤ ਸਿੰਘ ਚਾਹਲ ਨੇ ਇਹ ਚਾਰ ਘੰਟੇ ਤੀਹ ਮਿੰਟ ਵਿਚ ਪੂਰੀ ਕੀਤੀ। ਇਸ ਦੌਰਾਨ ਸੂਰਤ ਸਿੰਘ ਚਾਹਲ ਨੂੰ 'ਸਿਕਸ ਸਟਾਰ ਮੈਡਲ' ਨਾਲ ਨਿਵਾਜਿਆ ਗਿਆ।


ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਇਹ 'ਸਿਕਸ ਸਟਾਰ ਮੈਡਲ' ਉਨ੍ਹਾਂ ਐਥਲੀਟਾਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਦੁਨੀਆਂ ਦੇ ਛੇ ਵੱਖ-ਵੱਖ ਸ਼ਹਿਰਾਂ ਬੋਸਟਨ, ਲੰਡਨ, ਬਰਲਿਨ, ਸ਼ਿਕਾਗੋ, ਨਿਊਯਾਰਕ ਅਤੇ ਟੋਕੀਓ ਵਿਚ ਕਰਵਾਈਆਂ ਜਾਂਦੀਆਂ ਮੈਰਾਥਨ ਦੌੜਾਂ ਲਗਾਉਣ ਵਿਚ ਕਾਮਯਾਬ ਹੁੰਦੇ ਹਨ।







ਸੂਰਤ ਸਿੰਘ ਚਾਹਲ ਇਸ ਤੋਂ ਪਹਿਲਾਂ ਪਹਿਲੀਆਂ ਪੰਜ ਥਾਵਾਂ 'ਤੇ ਇਹ ਮੈਰਾਥਨ ਦੌੜ ਸਫ਼ਲਤਾ ਪੂਰਵਕ ਦੌੜ ਚੁੱਕਾ ਹੈ ਅਤੇ ਇਸ ਟੋਕੀਓ ਮੈਰਾਥਨ ਵਿਚ ਕਾਮਯਾਬ ਹੋਣ 'ਤੇ ਪ੍ਰਬੰਧਕਾਂ ਵੱਲੋਂ ਉਸ ਦੇ ਗਲ਼ੇ ਵਿਚ ਇਹ ਵੱਕਾਰੀ 'ਛੇ ਸਟਾਰ ਐਬੋਟ ਵੱਰਲਡ ਮੈਰਾਥਨ ਮੇਜਰਜ਼ ਮੈਡਲ' ਪਾ ਕੇ ਉਸ ਦਾ ਸਨਮਾਨ ਕੀਤਾ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਸੂਰਤ ਸਿੰਘ ਚਾਹਲ ਅਜੇ ਤੱਕ ਇਕੱਲਾ ਹੀ ਪੰਜਾਬੀ ਹੈ ਜਿਸ ਨੇ ਇਨ੍ਹਾਂ ਛੇਆਂ ਵੱਖ-ਵੱਖ ਮੈਰਾਥਨ ਦੌੜਾਂ



ਵਿਚ ਭਾਗ ਲੈ ਕੇ ਮੈਡਲ ਪ੍ਰਾਪਤ ਕਰਨ ਉਪਰੰਤ ਇਹ ਵੱਕਾਰੀ 'ਸਿਕਸ ਸਟਾਰ ਮੈਡਲ' ਜਿੱਤਿਆ ਹੈ।

ਇੱਥੇ ਇਹ ਵਰਨਣਯੋਗ ਹੈ ਕਿ ਇਹ ਦੋਵੇਂ ਮੈਰਾਥਨ ਦੌੜਾਕ ਬਰੈਂਪਟਨ ਵਿਚ ਪਿਛਲੇ ਦਸ ਸਾਲਾਂ ਤੋਂ ਸੂਰਤ ਸਿੰਘ ਚਾਹਲ ਤੇ ਕਰਮਜੀਤ ਸਿੰਘ ਦੋਵੇਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ ਸਰਗ਼ਰਮ ਮੈਂਬਰ ਹਨ ਅਤੇ ਕਰਮਜੀਤ ਸਿੰਘ ਇਸ ਕਲੱਬ ਦੇ ਕੋਚ ਵੀ ਹਨ। ਇਨ੍ਹਾਂ ਦੋਹਾਂ ਮੈਂਬਰਾਂ ਦੀ ਇਸ ਮਹਾਨ ਪ੍ਰਾਪਤੀ 'ਤੇ ਕਲੱਬ ਬੇਹੱਦ ਮਾਣ ਮਹਿਸੂਸ ਕਰ ਰਹੀ ਹੈ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਵਧਾਈ ਦੇ ਸੰਦੇਸ਼ ਭੇਜੇ ਜਾ ਰਹੇ ਹਨ।

Tech Spirit

Consultation, Installation & Servicing

Specialized in:
• Analog & IP security cameras • Installation & Maintenance, Upgrade • Video Doorbell Installation

Call: 905-621-4100

7-8770 The Gore Road, Brampton, ON L6P 0B1

1080p HD ਦੇ 4 ਸਿਕਉਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਕਰ ਦੇਵੇਗਾ ਰਾਜਨੀਤੀ ਨਾਲ ਜੱਜਾਂ ਦਾ ਏਦਾਂ ਦਾ ਮੋਹ

ਜਤਿੰਦਰ ਪਨੂੰ ਦੀ ਕਲਮ ਤੋਂ



ਕਿਸੇ ਵੀ ਦੇਸ਼ ਵਿੱਚ ਜਦੋਂ ਕੋਈ ਹੋਰ ਰਾਹ ਨਾ ਦਿੱਸਦਾ ਹੋਵੇ ਤਾਂ ਆਮ ਲੋਕਾਂ ਵਾਸਤੇਆਸ ਦੀ ਆਖਰੀ ਕਿਰਨ ਨਿਆਂ ਪਾਲਿਕਾ ਦਾ ਦਰਵਾਜ਼ਾ ਮੰਨਿਆ ਜਾਂਦਾ ਹੈ। ਲੋਕਤੰਤਰ ਨੂੰ ਅੱਜ ਦੇ ਯੁੱਗ ਵਿੱਚ ਜਦੋਂ ਸਾਰੇ ਸੰਸਾਰ ਦੇ ਦੇਸ਼ਾਂ ਵਿੱਚ ਆਦਰਸ਼ ਰਾਜ-ਪ੍ਰਬੰਧਕੀ ਸਿਸਟ-ਮਕਿਹਾ ਜਾਂਦਾ ਹੈ, ਇਸ ਪ੍ਰਬੰਧ ਦੇ ਅੰਦਰ ਵੀ ਬਹੁਤ ਸਾਰੇ ਕੰਮਾਂ ਲਈ 'ਲੋਕਾਂ ਵੱਲੋਂ ਲੋਕਾਂ ਲਈ' ਚੁਣੀਆਂ ਸਰਕਾਰਾਂ ਅਸਲ ਵਿੱਚ ਲੋਕਾਂ ਲਈ ਕੰਮ ਕਰਨ ਦੀ ਥਾਂ ਆਪਣੇ ਹਿੱਤਾਂ ਜਾਂ ਆਪਣੇ ਲੋਕਾਂ ਦੇ ਹਿੱਤਾਂ ਖਾਤਰ ਆਮ ਲੋਕਾਂ ਦਾ ਘਾਤ ਕਰਨ ਦੇ ਰਾਹ ਪੈ ਜਾਣ ਤਾਂ ਅੰਤਮ ਦਰ ਨਿਆਂ ਪਾਲਿਕਾ ਦਾ ਹੀ ਰਹਿੰਦਾ ਹੈ। ਇਸ ਵਕਤ ਕਈ ਘਾਤਕ ਰੋਗਾਂ ਦੇ ਸ਼ਿਕਾਰ ਹੋ ਚੁੱਕੇ ਭਾਰਤੀ ਲੋਕਤੰਤਰ ਵਿੱਚ ਜਦੋਂ ਸਰਕਾਰਾਂ, ਕੇਂਦਰ ਵਾਲੀ ਸਰਕਾਰ ਵੀ ਤੇ ਰਾਜਾਂ ਵਾਲੀਆਂ ਵੀ ਆਮ ਲੋਕਾਂ ਨੂੰ ਟਿੱਚ ਜਾਣਨ ਲੱਗ ਪਈਆਂ ਤਾਂ ਲੋਕਾਂ ਦੀ ਆਸ ਦੀ ਆਖਰੀ ਕਿਰਨ ਬਣ ਸਕਦਾ ਨਿਆਂਦਾ ਖੇਤਰ ਵੀ ਉਨ੍ਹਾਂ ਦੀ ਆਸ ਨੂੰ ਨਿਰਾਸ਼ਤਾ ਵਿੱਚ ਬਦਲਣ ਵਾਲਾ ਬਣਦਾ ਜਾਂਦਾ ਹੈ। ਜੱਜ ਸਾਹਿਬਾਨ ਤੋਂ ਜਿਸ ਨਿਰਪੱਖਤਾ ਦੀ ਅਸੀਂ ਆਸ ਰੱਖਦੇ ਹਾਂ ਤੇ ਰੱਖਣੀ ਵੀ ਚਾਹੀਦੀ ਹੈ, ਉਸ ਨੂੰ ਢਾਹ ਲੱਗਦੀ ਪਈ ਹੈ ਅਤੇ ਇਹ ਢਾਹ ਖੁਦ ਅਦਾਲਤਾਂ ਵਿੱਚ ਬੈਠ ਕੇ ਸਰਕਾਰਾਂ ਤੋਂ ਭਵਿੱਖ ਦੀ ਵੱਡੀ ਝਾਕ ਰੱਖਣ ਵਾਲੇ ਜੱਜਾਂ ਦੇ ਕਿਰਦਾਰ ਨਾਲ ਲੱਗਦੀ ਪਈ ਹੈ। ਭਾਰਤ ਦੇਸ਼ ਦੇ ਢਾਂਚੇ ਵਿੱਚ ਸੁਪਰੀਮ ਕੋਰਟ ਤੇ ਸਾਰੀਆਂ ਹਾਈ ਕੋਰਟਾਂ ਨੂੰ ਉੱਚ ਨਿਆਂ ਪਾਲਿਕਾ ਮੰਨਿਆ ਜਾਂਦਾ ਤੇ ਉਨ੍ਹਾਂ ਕੋਲੋਂ ਆਸ ਰੱਖੀ ਜਾਂਦੀ ਹੈ ਕਿ ਉਹ ਜ਼ਿਲਾ ਪੱਧਰ ਤੇ ਉਸ ਤੋਂ ਹੇਠਲੀਆਂ ਅਦਾਲਤਾਂ ਵਿੱਚ ਬੈਠੇ ਜੱਜਾਂ ਲਈ ਮਿਸਾਲ ਪੇਸ਼ ਕਰਦੀਆਂ ਹੋਣਗੀਆਂ। ਪਿਛਲੇ ਦਿਨੀਂ, ਤੇ ਵੱਧ ਠੀਕ ਕਹੀਏ ਤਾਂ ਪਿਛਲੇ ਕੁਝਸਾਲਾਂ ਵਿੱਚ ਇਹੋ ਜਿਹੀਆਂ ਮਿਸਾਲਾਂ ਲੋਕਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਦੇ ਕਾਰਨ ਜੱਜਾਂ ਦੀ ਨਿਰਪੱਖਤਾ ਬਾਰੇ ਵੀ ਸ਼ੱਕ ਪੈਦਾ ਹੋਣ ਲੱਗ ਸਕਦੇ ਹਨ।

ਬਹੁ-ਚਰਚਿਤ ਮਾਮਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਦਾ ਸੀ, ਜਿਨ੍ਹਾਂ ਨੇ ਦੇਸ਼ ਦੇ ਅਦਾਲਤੀ ਇਤਿਹਾਸ ਵਿੱਚ ਪਹਿਲੀ ਵਾਰ ਕੁਝ ਜੱਜ ਨਾਲ ਲੈ ਕੇ ਆਪਣੇ ਚੀਫ ਜਸਟਿਸ ਵਿਰੁੱਧ ਪ੍ਰੈੱਸ ਕਾਨਫਰੰਸ ਕੀਤੀ ਅਤੇ ਸਿੱਧੇ ਦੋਸ਼ ਲਾਏ ਸਨ। ਸਰਕਾਰਾਂ ਦੀ ਅੱਖ ਵਿੱਚ ਰੜਕਦੇ ਫੈਸਲੇ ਦੇਣ ਵਾਲੇ ਜਸਟਿਸ ਰੰਜਨ ਗੋਗੋਈ ਨੂੰ ਜਦੋਂ ਭਾਰਤ ਦਾ ਮੁੱਖ ਜੱਜ ਬਣਨ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਦੀ ਬੋਲੀ ਤੇ ਸਰਕਾਰਾਂ ਵੱਲਵਤੀਰਾ ਦੋਵੇਂ ਬਦਲ ਗਏ।ਅਹੁਦੇ ਉੱਤੇ ਆਖਰੀ ਦਿਨਾਂ ਵਿੱਚ ਜਿਹੜੇ ਕੇਸਾਂ ਦੇ ਫੈਸਲੇ ਉਨ੍ਹਾਂ ਨੇ ਕੀਤੇ, ਉਨ੍ਹਾਂ ਕਾਰਨ ਜਸਟਿਸ ਗੋਗੋਈ ਵੱਡੇ ਵਿਵਾਦਾਂ ਵਿੱਚ ਫਸੇ ਤੇ ਫਿਰ ਰਿਟਾਇਰ ਹੁੰਦੇ ਸਾਰ ਜਿੱਦਾਂ ਰਾਜ ਸਭਾ ਦੇ ਮੈਂਬਰ ਬਣੇ ਤਾਂ ਅਕਸ ਹੋਰ ਖਰਾਬ ਹੋ ਗਿਆ। ਕਾਰਨ ਸਾਫ ਸੀ ਕਿ ਕਿਸੇ ਸਮੇਂ ਸਰਕਾਰਾਂ ਨੂੰ ਹਿਲਾ ਦੇਣ ਵਾਲੇ ਕੁਝ ਫੈਸਲੇ ਕਰਦਾ ਰਿਹਾ ਜੱਜ ਅਚਾਨਕ ਸਰਕਾਰ ਦਾ ਪੱਲਾ ਛੁਡਾਉਣ ਵਾਲੇ ਫੈਸਲੇ ਦੇਣ ਲਈ ਚਰਚਾ ਵਿੱਚ ਆ ਗਿਆ ਸੀ, ਪਰ ਨਿਆਂ ਪਾਲਿਕਾ ਦੇ ਹਾਲਾਤਉਸ ਤੋਂ ਪਿੱਛੋਂ ਵੀ ਬਦਲ ਨਹੀਂ ਸਕੇ।

ਬੀਤੇ ਦਿਨੀਂ ਕਲਕੱਤਾ ਹਾਈ ਕੋਰਟ ਦੇ ਇੱਕ ਜੱਜ, ਜਸਟਿਸ ਅਭੀਜੀਤ ਗੰਗੋਪਾਧਿਆਏ ਨੇ ਅਚਾਨਕ ਅਸਤੀਫਾ ਦੇ ਦਿੱਤਾ ਤੇ ਫਿਰ ਦੇਸ਼ ਦੀ ਵਾਗ ਸੰਭਾਲਦੀ ਪਾਰਟੀ, ਭਾਰਤੀ ਜਨਤਾ ਪਾਰਟੀ, ਨਾਲ ਜਾ ਜੁੜਿਆ। ਉਸ ਦੇ ਇਸ ਕਦਮ ਨਾਲ ਅਦਾਲਤੀ ਸੁਣਵਾਈ ਦੌਰਾਨਉਸ ਵੱਲੋਂ ਕੀਤੀਆਂ ਟਿਪਣੀਆਂ ਬਾਰੇ ਚਰਚਾ ਚੱਲ ਪਈ। ਕੁਝ ਚਿਰ ਪਹਿਲਾਂ ਉਸ ਨੇ ਆਪਣੀ ਹਾਈ ਕੋਰਟ ਦੇ ਇੱਕ ਜੱਜ ਉੱਤੇ ਇੱਕ ਖਾਸ ਪਾਰਟੀ ਲਈ ਕੰਮ ਕਰਨ ਦਾ ਦੋਸ਼ ਲਾਇਆ ਅਤੇ ਸਨਸਨੀ ਫੈਲਾ ਦਿੱਤੀ ਸੀ। ਉਹ ਜਨਤਕ ਤੌਰ ਉੱਤੇ ਵੀ ਏਦਾਂ ਦੀਆਂ ਟਿਪਣੀਆਂ ਕਰਦਾ ਰਿਹਾ ਸੀ, ਜਿਨ੍ਹਾਂ ਬਾਰੇ ਆਮ ਤੌਰ ਉੱਤੇ ਜੱਜ ਸਾਹਿਬਾਨ ਦਾ ਚੁੱਪ ਰਹਿਣਾ ਠੀਕ ਮੰਨਿਆ ਜਾਂਦਾ ਹੈ। ਇਨ੍ਹਾਂ ਗੱਲਾਂ ਕਾਰਨ ਸੁਪਰੀਮ ਕੋਰਟ ਨੇ ਉਸ ਕੋਲ ਪਏ ਕੁਝ ਕੇਸ ਸੁਣਵਾਈ ਦੇ ਲਈ ਜਸਟਿਸ ਗੰਗੋਪਾਧਿਆਏ ਵਾਲੇ ਬੈਂਚ ਦੀ ਬਜਾਏ ਕਿਸੇ ਹੋਰ ਬੈਂਚ ਵੱਲੋਂ ਵਿਚਾਰਨ ਲਈ ਕਹਿ ਦਿੱਤਾ ਸੀ। ਅਸਤੀਫਾ ਦੇਣ ਪਿੱਛੋਂ ਜਸਟਿਸ ਗੰਗੋਪਾਧਿਆਏ ਜਿਵੇਂ ਕਾਹਲੀ ਵਿੱਚ ਭਾਜਪਾ ਨਾਲ ਜੁੜਿਆ ਤੇ ਜਿੱਦਾਂ ਇਹ ਕਹਿਣ ਤੋਂ ਝਿਜਕ ਨਹੀਂ ਰੱਖੀ ਕਿ ਉਹ ਜੱਜ ਹੁੰਦੇ ਹੋਏ ਵੀ ਭਾਜਪਾ ਨਾਲ ਸੰਪਰਕ ਵਿੱਚ ਸੀ, ਉਸ ਨਾਲ ਰਾਜਸੀ ਆਗੂਆਂ ਨਾਲ ਜੱਜਾਂ ਦੇ ਜੁੜਨ ਅਤੇ ਉਨ੍ਹਾਂ ਦੀ ਨਿਰਪੱਖਤਾ ਸ਼ੱਕੀ ਹੋਣ ਦੀ ਚਰਚਾ ਵੀ ਦੋਬਾਰਾ ਚੱਲ ਪਈ ਹੈ।

ਇਸ ਮਾਮਲੇ ਵਿੱਚ ਕਾਨੂੰਨੀ ਪਾਬੰਦੀ ਕੋਈ ਨਹੀਂ ਅਤੇ ਕੋਈ ਵੀ ਜੱਜ ਕਦੇ ਵੀ ਅਸਤੀਫਾ ਦੇ ਕੇ ਸਿਆਸਤ ਦੀ ਕਿਸੇ ਧਿਰ ਨਾਲ ਜੁੜ ਸਕਦਾ ਹੈ, ਪਰ ਦੁਨੀਆ ਭਰ ਦੇ ਜੱਜਾਂ ਨੇ ਆਪਸੀ ਸਹਿਮਤੀ ਨਾਲ ਕੁਝ ਅਸੂਲ ਤੈਅ ਕੀਤੇ ਹੋਏ ਹਨ, ਜਿਨ੍ਹਾਂ ਦਾ ਖਿਆਲ ਤੇ ਲੱਜ-ਸ਼ਰਮ ਰੱਖਣ ਦੀ ਲੋੜ ਸਮਝੀ ਜਾਂਦੀ ਹੈ। ਅਪਰੈਲ 2000 ਵਿੱਚ ਵੀਆਨਾ ਵਿੱਚ ਹੋਈ ਦੁਨੀਆ ਭਰ ਦੇ ਜੱਜਾਂ ਦੀ ਮੀਟਿੰਗ ਪਿੱਛੋਂ ਭਾਰਤ ਦੇ ਬੰਗਲੌਰ ਵਿੱਚ ਫਰਵਰੀ 2001 ਵਿੱਚ ਇਸ ਬਾਰੇ ਇੱਕ ਖਰੜਾ ਤਿਆਰ ਕੀਤਾ ਗਿਆ ਤੇ ਉਸ ਨੂੰ ਨਵੰਬਰ 2002 ਵਿੱਚ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦੇ ਮੁੱਖ ਦਫਤਰ ਵਿੱਚ ਪੇਸ਼ ਕੀਤਾ ਅਤੇ ਪ੍ਰਵਾਨ ਕੀਤਾ ਗਿਆ ਸੀ। ਸੰਸਾਰ ਭਰ ਦੀ ਨਿਆਂ ਪਾਲਿਕਾ ਵਿੱਚ ਇਸ ਐਲਾਨਨਾਮੇ ਦੇ ਸਤਿਕਾਰ ਲਈ ਗੱਲਾਂ ਹੁੰਦੀਆਂ ਹਨ, ਪਰ ਜਿਹੜੇ ਭਾਰਤ ਵਿੱਚ ਇਸ ਦਾ ਖਰੜਾ ਤਿਆਰ ਕੀਤਾ ਗਿਆ ਸੀ, ਉਸ ਵਿੱਚ ਬੜਾ ਕੁਝ ਇਸ ਐਲਾਨਨਾਮੇ ਵਿੱਚ ਲਿਖੇ ਅਸੂਲਾਂ ਤੋਂ ਉਲਟ ਹੁੰਦਾ ਦਿੱਸਦਾ ਹੈ। ਉਂਜ ਅਸੂਲ ਵੇਖਿਆ ਜਾਵੇ ਤਾਂ ਕੋਈ ਜੱਜ ਇਹੋ ਜਿਹੀ ਕਿਸੇ ਧਿਰ ਦਾ ਕੇਸ ਨਹੀਂ ਸੁਣ ਸਕਦਾ, ਜਿਸ ਨਾਲ ਉਹ ਜੱਜ ਬਣਨ ਤੋਂ ਪਹਿਲਾਂ ਕਦੇ ਵਕਾਲਤ ਕਾਰਨ ਜਾਂ ਹੋਰ ਕਿਸੇ ਗੱਲ ਕਰ ਕੇ ਸੰਬੰਧਤ ਰਿਹਾ ਹੋਵੇ ਜਾਂ ਸੰਬੰਧਤ ਧਿਰ ਜਾਂ ਉਸ ਦੇ ਵਿਰੋਧੀਆਂ ਨਾਲ ਦਿਲਚਸਪੀ ਰੱਖਦਾ ਹੋਵੇ। ਜਸਟਿਸ ਗੰਗੋਪਾਧਿਆਏ ਨੇ ਜਦੋਂ ਹਾਈ ਕੋਰਟ ਵਿੱਚ ਇੱਕ ਖਾਸ ਧਿਰ ਦੇ ਖਿਲਾਫ ਟਿਪਣੀਆਂ ਕਰਨ ਦਾ ਕੰਮ ਛੋਹਿਆ ਤਾਂ ਚਰਚਾ ਹੁੰਦੀ ਸੀ ਕਿ ਉਹ ਉਸ ਰਾਜਸੀ ਧਿਰ ਦੇ ਵਿਰੋਧ ਦੀ ਧਿਰ ਨਾਲ ਕੁਝ ਸਾਂਝ ਰੱਖਦਾ ਹੈ, ਪਰ ਇਸ ਨੂੰ ਸਿਆਸੀ ਦੂਸ਼ਣ ਕਹਿ ਕੇ ਨਕਾਰ ਦਿੱਤਾ ਗਿਆ ਸੀ। ਰਿਟਾਇਰ ਹੋਣ ਪਿੱਛੋਂ ਜਦੋਂ ਉਸ ਨੇ ਖੁਦ ਭਾਜਪਾਨਾਲ ਆਪਸੀ ਸਾਂਝ ਹੋਣ ਤੇ ਜੱਜ ਹੁੰਦਿਆਂ ਵੀ ਉਸ ਪਾਰਟੀ ਨਾਲ ਸੰਪਰਕ ਰੱਖਣ ਦੀ ਗੱਲ ਸ਼ਰੇਆਮ ਕਹੀ ਤਾਂ ਜਿਹੜੇ ਲੋਕ ਪਹਿਲਾਂ ਇਸ ਨੂੰ ਸਿਆਸੀ ਦੂਸ਼ਣਬਾਜ਼ੀ ਕਹਿੰਦੇ ਸਨ, ਉਹ ਚੁੱਪ ਵੱਟ ਗਏ। ਸਾਫ ਹੈ ਕਿ ਜਸਟਿਸ ਗੋਗੋਈ ਜਾਂ ਕੋਈ ਹੋਰ ਜੱਜ ਹੋਵੇ, ਰਾਜਨੀਤੀ ਦਾ ਚਸਕਾ ਰੱਖਣਾ ਚਾਹੇ ਤਾਂ ਕਾਨੂੰਨ ਉਸ ਨੂੰ ਬਿਲਕੁਲ ਨਹੀਂ ਰੋਕਦਾ ਤੇ ਜੱਜਾਂ ਬਾਰੇ ਅਸੂਲਾਂ ਦੇ ਜਿਹੜੇ ਪੁਲੰਦੇ ਅਸੀਂ ਲੋਕ ਬੜੇ ਵਜ਼ਨਦਾਰ ਮੰਨਦੇ ਹਾਂ, ਉਹ ਸਿਰਫ ਕਹਿਣ ਦੀਆਂ ਗੱਲਾਂ ਹੋ ਸਕਦੀਆਂ ਹਨ, ਭਾਰਤ ਦੇ ਲੋਕਤੰਤਰੀ ਪ੍ਰਬੰਧ, ਜਿੰਨਾ ਕੁ ਇਹ 'ਲੋਕਤੰਤਰ' ਬਚਿਆ ਹੈ, ਵਿੱਚ ਇਹ ਅੱਜਕੱਲ੍ਹ ਕੋਈ ਅਰਥ ਨਹੀਂ ਰੱਖਦੀਆਂ ਜਾਪਦੀਆਂ।

ਜੱਜਾਂ ਤੇ ਹੋਰ ਵੱਡੇ ਅਫਸਰਾਂ ਦੇ ਨੌਕਰੀ ਛੱਡਦੇ ਸਾਰ ਵੱਡੇ ਸਰਕਾਰੀ ਰੁਤਬਿਆਂ ਉੱਤੇ ਨਿਯੁਕਤੀ ਹੋਣ ਦੇ ਲਈ ਅਸੂਲਾਂ ਦੀ ਚਰਚਾ ਵਿੱਚ 'ਕੂਲਿੰਗ ਆਫ ਪੀਰੀਅਡ' ਦਾ ਜ਼ਿਕਰ ਆਮ ਹੁੰਦਾ ਹੈ। ਇਹ ਰਿਟਾਇਰ ਹੋਣ ਪਿੱਛੇ ਕਿਸੇ ਇਹੋ ਜਿਹੇ ਅਹੁਦੇ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਦਾ ਸਮਾਂ ਹੈ, ਤਾਂ ਕਿ ਇਹ ਨਾ ਕਿਹਾ ਜਾਵੇ ਕਿ ਕੋਈ ਅਫਸਰ ਇਸ ਅਹੁਦੇ ਦੀ ਝਾਕ ਵਿੱਚ ਅਫਸਰੀ ਵੇਲੇ ਸਿਰਫ ਇਸੇ ਦੀ ਪ੍ਰਾਪਤੀ ਲਈ ਕੰਮ ਕਰਦਾ ਰਿਹਾ ਸੀ। ਪਿਛਲੇ ਸਾਲਾਂ ਵਿੱਚ ਇਹ ਸਮਾਂ ਵੀ ਜ਼ਰੂਰੀ ਨਹੀਂ ਰਹਿਣ ਦਿੱਤਾ ਗਿਆ ਤੇ ਕਈ ਲੋਕਾਂ ਨੇ ਸਵੇਰੇ ਅਫਸਰੀ ਤੋਂ ਅਸਤੀਫਾ ਦਿੱਤਾ ਅਤੇ ਓਸੇ ਸ਼ਾਮਕੋਈ ਵੱਡਾ ਸਰਕਾਰੀ ਅਹੁਦਾ ਲੈ ਲਿਆ ਸੀ, ਪਰ ਕੋਈ ਅਸੂਲਾ ਅੜਿੱਕਾ ਨਹੀਂ ਸੀ ਬਣਿਆ। ਬਹੁਤ ਸਾਰੇ ਲੋਕ ਇਸ ਤਰ੍ਹਾਂ ਦੇ ਵਿਹਾਰ ਨੂੰ ਬੇਅਸੂਲਾ ਕਹਿ ਕੇ ਨੁਕਤਾਚੀਨੀ ਕਰਦੇ ਹਨ, ਅਸੀਂ ਵੀ ਕਰਦੇ ਹਾਂ ਤੇ ਅਸੀਂ ਗਲਤ ਨਹੀਂ ਕਰਦੇ, ਪਰ ਇਹ ਬਿਮਾਰੀ ਕੋਈ ਨਵੀਂ ਪੈਦਾ ਨਹੀਂ ਹੋਈ, ਭਾਰਤ ਦੇ ਆਜ਼ਾਦ ਹੁੰਦੇ ਸਾਰ ਲੱਗ ਗਈ ਸੀ। ਹੋਰ ਕਿਸੇ ਵੀ ਬਿਮਾਰੀ ਤੋਂ ਵੱਧ ਖਤਰਨਾਕ ਉਹ ਰੋਗ ਮੰਨਿਆ ਜਾਂਦਾ ਹੈ, ਜਿਹੜਾ ਬਚਪਨ ਵਿੱਚ ਲੱਗ ਗਿਆ ਹੋਵੇ। ਭਾਰਤ ਵਿੱਚ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਹੋਣਦੇ ਵਕਤ ਹੀ ਕੁਝ ਜੱਜਾਂ ਨੂੰ ਰਿਟਾਇਰ ਹੋਣ ਪਿੱਛੋਂ ਅਹੁਦੇ ਦਿੱਤੇ ਜਾਣ ਲੱਗ ਪਏ ਸਨ ਅਤੇ ਕਈ ਲੋਕਜੱਜ ਬਣਨ ਤੋਂ ਪਹਿਲਾਂ ਹੀ ਸਿਆਸੀ ਪਾਰਟੀਆਂ ਨਾਲ ਜੁੜ ਕੇ ਸਰਗਰਮੀ ਕਰਦੇ ਤੇ ਰਾਜ ਮਾਣਦੇ ਰਹੇ ਸਨ। ਉਸ ਵੇਲੇ ਬਹੁਤ ਸਾਰੇ ਵਕੀਲਾਂ ਤੇ ਸਾਬਕਾ ਜੱਜਾਂ ਨੇ ਇਸ ਦਾ ਇਤਰਾਜ਼ ਕੀਤਾ ਸੀ, ਪਰ ਗੌਲਿਆ ਨਹੀਂ ਸੀ ਗਿਆ।

ਨਿਆਂਮੂਰਤੀ ਕਹੇ ਜਾਂਦੇ ਜੱਜਾਂ ਅਤੇ ਅਜਿਹੀ ਰਾਜਨੀਤੀ ਬਾਰੇ ਅਸੀਂ ਕਈ ਮਿਸਾਲਾਂ ਦੱਸ ਸਕਦੇ ਹਾਂ, ਪਰ ਇਸ ਦੀ ਸਭ ਤੋਂ ਵੱਡੀ ਮਿਸਾਲ ਸ਼ਾਇਦ ਜਸਟਿਸ ਬਹਿਰੁਲ ਇਸਲਾਮ ਦੀ ਹੈ। ਉਹ ਵਿਅਕਤੀ ਕੁਝ ਵਿਗੜੇ ਹੋਏ ਨੌਜਵਾਨਾਂ ਵੱਲੋਂ ਰੇਲ ਗੱਡੀ ਦੇ ਇੱਕ ਤੋਂ ਦੂਸਰੇ ਡੱਬੇ ਵਿੱਚ ਛੜੱਪੇ ਮਾਰਨ ਵਾਂਗ ਰਾਜਨੀਤੀ ਤੇ ਨਿਆਂ ਖੇਤਰ ਵਿੱਚ ਛੜੱਪੇ ਮਾਰਦਾ ਰਿਹਾ। ਭਾਰਤ ਦੀ ਸੁਪਰੀਮ ਕੋਰਟ ਕੀ, ਹਾਈ ਕੋਰਟ ਵਿੱਚ ਵੀ ਆਉਣ ਤੋਂ ਪਹਿਲਾਂ ਉਹ1962 ਵਿੱਚ ਅਤੇ ਇੱਕ ਵਾਰ ਫਿਰ 1968 ਵਿੱਚ ਕਾਂਗਰਸ ਪਾਰਟੀ ਵੱਲੋਂ ਰਾਜ ਸਭਾ ਲਈ ਚੁਣਿਆ ਗਿਆ ਸੀ। ਰਾਜ ਸਭਾ ਮੈਂਬਰ ਵਜੋਂ ਉਸ ਦੇ ਹਾਲੇ ਚਾਰ ਸਾਲ ਬਾਕੀ ਸਨ ਕਿ ਉੱਪਰਲੀ ਪਹੁੰਚ ਸਦਕਾ ਉਸ ਨੂੰ 'ਆਸਾਮ ਤੇ ਨਾਗਾਲੈਂਡ ਹਾਈ ਕੋਰਟ', ਜਿਸ ਨੂੰ ਅੱਜਕੱਲ੍ਹ ਗੁਹਾਟੀ ਹਾਈ ਕੋਰਟ ਕਿਹਾ ਜਾਂਦਾ ਹੈ, ਦਾ ਜੱਜ ਬਣਾ ਦਿੱਤਾ ਗਿਆ ਤੇ ਵੱਡੇ ਕਮਾਲ ਦੀ ਗੱਲ ਇਹ ਸੀ ਕਿ 20 ਜਨਵਰੀ 1972 ਦੀ ਸਵੇਰ ਤੱਕ ਉਹ ਰਾਜ ਸਭਾ ਦਾ ਕਾਂਗਰਸੀ ਮੈਂਬਰ ਸੀ ਤੇ ਓਸੇ ਦਿਨ ਸ਼ਾਮ ਤੱਕ ਹਾਈ ਕੋਰਟ ਦਾ 'ਮਾਣਯੋਗ ਜੱਜ' ਬਣਾਇਆ ਜਾ ਚੁੱਕਾ ਸੀ। ਫਿਰ ਉਹ 1 ਜੁਲਾਈ 1980 ਨੂੰ ਉਸ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਰਿਟਾਇਰ ਹੋ ਗਿਆ, ਓਦੋਂ ਸੁਪਰੀਮ ਕੋਰਟ ਦਾ ਜੱਜ ਬਣਾਏ ਜਾਣ ਦੀ ਉਸ ਦੀ ਫਾਈਲ ਕਿਸੇ ਜਗ੍ਹਾ ਰੁਕੀ ਹੋਈ ਸੀ ਤੇ ਓਸੇ ਸਾਲ ਨੌਂ ਮਹੀਨੇ ਤਿੰਨ ਦਿਨ ਬਾਅਦ 4 ਦਸੰਬਰ 1980 ਨੂੰ ਉਸ ਨੂੰ ਇੰਦਰਾ ਗਾਂਧੀ ਦੀ ਦੋਬਾਰਾ ਬਣੀ ਸਰਕਾਰ ਨੇ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰ ਦਿੱਤਾ। ਰਿਟਾਇਰਡ ਜੱਜਾਂ ਨੂੰ ਆਮ ਕੇ ਫਿਰ ਸੱਦ ਕੇ ਜੱਜ ਨਹੀਂ ਬਣਾਇਆ ਜਾਂਦਾ, ਪਰ ਕਿਸੇ ਖਾਸ ਕੇਸ ਵਿੱਚ ਬਣਾ ਦੇਣ ਦੀ ਰੋਕ ਵੀ ਕੋਈ ਨਹੀਂ ਹੈ। ਓਥੋਂ ਉਸ ਨੇ ਫਿਰ 12 ਜਨਵਰੀ 1983 ਨੂੰ ਅਸਤੀਫਾ ਦਿੱਤਾ ਅਤੇ ਅਗਲੇ ਸਾਲ ਹੋਣ ਵਾਲੀ ਲੋਕ ਸਭਾ ਚੋਣ ਲਈ ਆਸਾਮ ਦੇ ਬਾਰਪੇਟਾ ਹਲਕੇ ਤੋਂ ਉਮੀਦਵਾਰ ਬਣਨ ਲਈ ਤਿਆਰੀ ਕਰਨ ਲੱਗ ਪਿਆ। ਅਚਾਨਕ ਆਸਾਮ ਵਿੱਚ ਹਾਲਾਤ ਵਿਗੜ ਗਏ ਅਤੇ ਉਸ ਰਾਜ ਵਿੱਚ ਚੋਣ ਨਾ ਹੋ ਸਕੀ ਤਾਂ ਬਹਿਰੁਲ ਇਸਲਾਮ ਨੂੰ ਕਾਂਗਰਸ ਪਾਰਟੀ ਨੇ ਇੱਕ ਵਾਰ ਫਿਰ ਰਾਜ ਸਭਾ ਵਿੱਚ ਭੇਜ ਦਿੱਤਾ ਸੀ।

ਭਾਰਤ ਦੀ ਨਿਆਂ ਪਾਲਿਕਾ ਵਿੱਚ ਏਦਾਂ ਰਾਜਸੀ ਤੇ ਅਦਾਲਤੀ ਅਹੁਦੇ ਲੈਣ ਵਾਲਿਆਂ ਦੇ ਕਿਰਦਾਰ ਦਾ ਇਤਿਹਾਸ ਬਥੇਰਾ ਦਿਲਚਸਪ ਹੈ। ਇਹ ਕੰਮ ਪਹਿਲਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਵੀ ਹੁੰਦਾ ਰਿਹਾ ਹੋਣ ਕਰ ਕੇ ਭਾਜਪਾ ਦੇ ਰਾਜ ਵਿੱਚ ਜਦੋਂ ਇਹੋ ਕੁਝ ਹੁੰਦਾ ਹੈ ਤਾਂ ਉਹ ਮੋੜਵਾਂ ਮਿਹਣਾ ਮਾਰ ਕੇ ਕਹਿੰਦੇ ਹਨ ਕਿਸੂਰ ਇਹ ਤੁਸੀਂ ਕੀਤਾ ਸੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਏ ਜੀ ਨੂਰਾਨੀ ਇਸ ਵਕਤ ਨੱਬੇ ਤੋਂ ਵੱਧ ਉਮਰ ਵਿੱਚ ਕਿਤੇ ਬਜ਼ੁਰਗੀ ਦੇ ਦਿਨ ਆਰਾਮ ਨਾਲ ਗੁਜ਼ਾਰ ਰਹੇ ਹੋਣਗੇ, ਪਰ ਆਪਣੇ ਸਮੇਂ ਉਹ ਵਕਾਲਤ ਦੇ ਨਾਲ ਅਖਬਾਰਾਂ ਲਈ ਲੇਖ ਲਿਖਦੇ ਰਹਿੰਦੇ ਸਨ ਤੇ ਉਨ੍ਹਾਂ ਕਈ ਵਾਰੀ ਨਿਆਂ ਪਾਲਿਕਾ ਅੰਦਰਲੇ ਮਾੜੇ ਰੁਝਾਨਾਂ ਬਾਰੇ ਉਂਗਲ ਚੁੱਕੀ ਅਤੇ ਉਸ ਵੇਲੇ ਇਹ ਕਿਹਾ ਸੀ ਕਿ ਇਹ ਰੁਝਾਨ ਨਾ ਰੁਕੇ ਤਾਂ ਭਾਰਤੀ ਨਿਆਂ ਪਾਲਿਕਾ ਦਾ ਭੱਠਾ ਬਿਠਾ ਦੇਣਗੇ।ਅੱਜ ਤੋਂ ਤੀਹ ਸਾਲ ਤੋਂ ਵੱਧ ਸਮਾਂ ਪਹਿਲਾਂ ਕਹੀਆਂ ਉਨ੍ਹਾਂ ਦੀਆਂ ਉਹ ਗੱਲਾਂ ਅੱਜ ਯਾਦ ਆਉਂਦੀਆਂ ਹਨ ਤੇ ਦੁੱਖ ਹੁੰਦਾ ਹੈ ਕਿ 'ਜਾਗਦੇ ਰਹੋ' ਦਾ ਹੋਕਾ ਦੇਣ ਵਾਲੇ ਇਸ ਦੇਸ਼ ਦੇ ਪ੍ਰਮੁੱਖ ਵਕੀਲ, ਜਿਹੜਾ ਇੱਕ ਮਹਾਨ ਚਿੰਤਕ ਅਤੇ ਦੇਸ਼-ਦਰਦੀ ਸੀ, ਦੀਆਂ ਚੇਤਾਵਨੀਆਂ ਨੂੰ ਅਣਗੌਲੇ ਕੀਤਾ ਗਿਆ ਸੀ। ਬਿਮਾਰੀ ਦੀ ਜੜ੍ਹ ਫੁੱਟਦੇ ਸਾਰ ਉਸ ਨੂੰ ਪਕੜ ਲਓ ਤਾਂ ਬਚਾਅ ਹੋ ਸਕਦਾ ਹੈ, ਜਦੋਂ ਉਹ ਜੜ੍ਹ ਪੱਕੀ ਲਾ ਲਵੇ ਤੇ ਉਸ ਦੀਆਂ ਸ਼ਾਖਾਵਾਂ ਕਈ ਪਾਸੀਂ ਫੈਲ ਜਾਣ ਤਾਂ ਜਿੰਨਾ ਮਰਜ਼ੀ ਜ਼ੋਰ ਲਾਈ ਜਾਈਏ, ਫਿਰ ਉਸ ਨੂੰ ਕੰਟਰੋਲ ਕਰਨ ਦੀ ਸੰਭਾਵਨਾ ਦਿਨੋਂ-ਦਿਨ ਘਟੀ ਜਾਂਦੀ ਹੈ। ਭਾਰਤ ਦੇਸ਼ ਦੇ ਜਿਹੜੇ ਅਦਾਰੇ ਵਿਗਾੜ ਦਾ ਸ਼ਿਕਾਰ ਇੱਕ ਵਾਰ ਕਿਸੇ ਤਰ੍ਹਾਂ ਹੋ ਜਾਂਦੇ ਰਹੇ ਹਨ, ਉਨ੍ਹਾਂ ਦੇ ਫਿਰ ਸੁਧਰ ਸਕਣ ਦੀਆਂ ਮਿਸਾਲਾਂ ਥੋੜ੍ਹੀਆਂ ਅਤੇ ਉਨ੍ਹਾਂ ਵਾਲੀ ਲਾਗ ਹੋਰ ਅਦਾਰਿਆਂ ਵਿੱਚ ਚਲੇ ਜਾਣ ਦੀਆਂ ਮਿਸਾਲਾਂ ਸਾਡੇ ਕੋਲ ਗਿਣਤੀ ਤੋਂ ਵੀ ਬਾਹਰੀਆਂ ਹਨ।

ਇਸ ਵਕਤ ਤੱਕ ਬਹੁਤ ਨੁਕਸਾਨ ਹੋ ਚੁੱਕਾ ਹੈ, ਪਰ ਅਜੇ ਵੀ ਗੱਲ ਵੱਸੋਂ ਬਾਹਰ ਨਹੀਂ ਗਈ। ਸੁਪਰੀਮ ਕੋਰਟ ਦੇ ਮੌਜੂਦਾ ਮੁਖੀ ਜਸਟਿਸ ਧਨੰਜੈ ਯਸ਼ਵੰਤ ਚੰਦਰਚੂੜ ਤੋਂ ਭਾਰਤ ਦੇ ਲੋਕਾਂ ਨੂੰ ਬਹੁਤ ਆਸਾਂ ਹਨ, ਪਰ ਕੋਈ ਇਨਸਾਨ ਇਕੱਲਾ ਉਹ ਸਿੱਟੇ ਨਹੀਂ ਕੱਢ ਸਕਦਾ, ਜਿਹੜੇ ਸਮੂਹਿਕ ਕੋਸ਼ਿਸ਼ਾਂ ਨਾਲ ਨਿਕਲ ਸਕਦੇ ਹਨ। ਭਾਰਤ ਦੇ ਲੋਕਾਂ ਨੂੰ ਇਸ ਵੇਲੇ ਸੋਚਣਾ ਪਵੇਗਾ ਕਿ ਉਨ੍ਹਾਂ ਦੀ ਆਸ ਦਾ ਆਖਰੀ ਦਰ ਤਾਂ ਘੱਟੋ-ਘੱਟ ਖੁੱਲ੍ਹਾ ਰਹੇ। ਇਹ ਫਰਜ਼ ਸਿਰਫ ਆਮ ਲੋਕਾਂ ਦਾ ਨਹੀਂ, ਭਾਰਤ ਦੀ ਨਿਆਂ ਪਾਲਿਕਾ ਨਾਲ ਜੁੜੇ ਹੋਏ ਲੋਕਾਂ, ਜੱਜਾਂ ਤੇ ਵਕੀਲਾਂ ਦਾ ਵੀਸਮਝਣਾ ਚਾਹੀਦਾ ਹੈ, ਪਰ ਉਹ ਆਪਣਾ ਫਰਜ਼ ਨਿਭਾਉਣਾ ਚਾਹੁੰਦੇ ਹਨ ਜਾਂ ਨਹੀਂ, ਉਨ੍ਹਾਂ ਦੀ ਮਰਜ਼ੀ ਉੱਤੇ ਨਿਰਭਰ ਹੈ।






# ਇਮਤਿਹਾਨ ਦੀ ਸਫਲਤਾ ਲਈ ਮੈਮੋਰੀ ਟ੍ਰਿਕਸ ਅਤੇ ਮੈਮੋਨਿਕਸ

-ਵਿਜੈ ਗਰਗ-



ਵਿਦਿਆਰਥੀਆਂ ਵਿੱਚ ਇਮਤਿਹਾਨਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ। ਅਕਾਦਮਿਕਾਂ ਵਿੱਚ ਸਫਲਤਾ ਨਾ ਸਿਰਫ਼ ਬੁੱਧੀ 'ਤੇ ਨਿਰਭਰ ਕਰਦੀ ਹੈ, ਸਗੋਂ ਪ੍ਰਭਾਵਸ਼ਾਲੀ ਗਿਆਨ ਪ੍ਰਾਪਤੀ ਅਤੇ ਧਾਰਨ 'ਤੇ ਵੀ ਨਿਰਭਰ ਕਰਦੀ ਹੈ। ਮੈਮੋਰੀ ਵਧਾਉਣ ਦਾ ਇੱਕ ਦਿਲਚਸਪ ਪਹਿਲੂ ਫੋਟੋਗ੍ਰਾਫਿਕ ਮੈਮੋਰੀ ਦਾ ਵਿਕਾਸ ਹੈ।

ਇਸ ਵਿੱਚ ਜਾਣਕਾਰੀ ਨੂੰ ਮਾਨਸਿਕ ਚਿੱਤਰਾਂ ਵਿੱਚ ਬਦਲਣਾ, ਵਿਅਕਤੀਆਂ ਨੂੰ ਗੁੰਝਲਦਾਰ ਧਾਰਨਾਵਾਂ ਦੀ ਕਲਪਨਾ ਅਤੇ ਵਿਵਸਥਿਤ ਕਰਨ ਦੇ ਯੋਗ ਬਣਾ ਕੇ ਯਾਦ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ।

ਤੁਹਾਡੇ ਅਧਿਐਨ ਦੇ ਤਜ਼ਰਬੇ ਨੂੰ ਵਧਾਉਣ ਅਤੇ ਫੋਟੋਗ੍ਰਾਫਿਕ ਮੈਮੋਰੀ ਨੂੰ ਵਿਕਸਤ ਕਰਨ ਲਈ, ਆਤਮਵਿਸ਼ਵਾਸੀ ਇਮਤਿਹਾਨ ਪ੍ਰਦਰਸ਼ਨ ਲਈ ਰੋਟ ਮੈਮੋਰੀਜ਼ੇਸ਼ਨ ਤੋਂ ਸਰਗਰਮ ਸਿੱਖਣ ਵੱਲ ਤਬਦੀਲ ਕਰਨ ਲਈ ਇੱਥੇ ਕੁਝ ਯਾਦ ਵਿਗਿਆਨ ਅਤੇ ਮੈਮੋਰੀ ਤਕਨੀਕਾਂ ਹਨ:

1. ਸੌਣ ਨੂੰ ਤਰਜੀਹ ਦਿਓ

ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਪਰ ਪ੍ਰਭਾਵਸ਼ਾਲੀ ਸਿੱਖਣ ਲਈ ਬੁਨਿਆਦੀ ਤੱਤ ਗੁਣਵੱਤਾ ਵਾਲੀ ਨੀਂਦ ਨੂੰ ਤਰਜੀਹ ਦੇ ਰਿਹਾ ਹੈ। ਇਕਸਾਰ, ਬਹਾਲ ਕਰਨ ਵਾਲੀ ਨੀਂਦ ਯਾਦਦਾਸ਼ਤ ਨੂੰ ਮਜ਼ਬੂਤ ਕਰਦੀ ਹੈ।

ਇਮਤਿਹਾਨਾਂ ਦੌਰਾਨ ਸਫਲਤਾਪੂਰਵਕ ਯਾਦ ਕਰਨ ਲਈ ਇੱਕ ਚੰਗੀ ਤਰ੍ਹਾਂ ਅਰਾਮਦਾਇਕ ਦਿਮਾਗ ਨੂੰ ਏਨਕੋਡ ਕਰਨ ਅਤੇ ਜਾਣਕਾਰੀ ਨੂੰ ਬਰਕਰਾਰ ਰੱਖਣ ਲਈ ਕਾਫ਼ੀ ਬਿਹਤਰ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ।

2. ਕਹਾਣੀ ਸੁਣਾਉਣ ਦੀ ਤਕਨੀਕ

ਗੁੰਝਲਦਾਰ ਜਾਣਕਾਰੀ ਨੂੰ ਛੋਟੇ, ਪਚਣਯੋਗ ਹਿੱਸਿਆਂ ਵਿੱਚ ਵੰਡੋ, ਅਤੇ ਉਹਨਾਂ ਨੂੰ ਇੱਕ ਬਿਰਤਾਂਤ ਵਿੱਚ ਬੁਣੋ। ਕਿਸੇ ਕਹਾਣੀ ਨਾਲ ਜਾਣਕਾਰੀ ਨੂੰ ਜੋੜਨਾ ਸਮਝ ਅਤੇ ਯਾਦ ਨੂੰ ਵਧਾਉਂਦਾ ਹੈ - ਵਿਦਿਆਰਥੀ ਨਾ ਸਿਰਫ਼ ਸਮੱਗਰੀ ਨੂੰ ਵਧੇਰੇ ਆਸਾਨੀ ਨਾਲ ਸਮਝਦੇ ਹਨ ਬਲਕਿ ਬਾਅਦ ਵਿੱਚ ਇਸਨੂੰ ਪ੍ਰਾਪਤ ਕਰਨ ਦੀ ਆਪਣੀ ਯੋਗਤਾ ਵਿੱਚ ਵੀ ਸੁਧਾਰ ਕਰਦੇ ਹਨ।

3. ਪ੍ਰੈਕਟੀਕਲ ਐਪਲੀਕੇਸ਼ਨ ਸਮਝ ਨੂੰ ਵਧਾਉਂਦੀ ਹੈ

ਸੰਕਲਪਾਂ ਦੇ ਅਸਲ-ਜੀਵਨ ਕਾਰਜਾਂ ਨੂੰ ਸਮਝਣਾ ਸਮਝ ਨੂੰ ਮਜ਼ਬੂਤ ਕਰਦਾ ਹੈ। ਉਦਾਹਰਨ ਲਈ, ਇਹ ਸਮਝਣਾ ਕਿ ਧਾਤ ਦੀ ਸੰਚਾਲਕਤਾ ਦੇ ਕਾਰਨ ਪਲੇਨ ਚਿੱਟੇ ਕਿਉਂ ਹੁੰਦੇ ਹਨ ਜਾਂ ਪਹੀਏ ਤੋਂ ਬਿਨਾਂ ਚੱਲਣ ਵਾਲੀਆਂ ਬੁਲੇਟ ਟ੍ਰੇਨਾਂ ਦੇ ਪਿੱਛੇ ਇਲੈਕਟ੍ਰੋਮੈਗਨੈਟਿਜ਼ਮ ਨੂੰ ਸਮਝਣਾ ਮਹੱਤਵਪੂਰਨ ਤੌਰ 'ਤੇ ਧਾਰਨ ਵਿੱਚ ਸੁਧਾਰ ਕਰ ਸਕਦਾ ਹੈ।

ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀਜ਼ੇਸ਼ਨ ਟ੍ਰਿਕਸ, ਇਮਤਿਹਾਨ ਲਈ ਮੈਮੋਨਿਕਸ

4. ਮਨ ਦੇ ਨਕਸ਼ੇ

ਦਿਮਾਗ ਦੇ ਨਕਸ਼ੇ ਸੰਕਲਪਾਂ ਨੂੰ ਸਮਝਣ ਅਤੇ ਮੁੜ ਵਿਚਾਰ ਕਰਨ, ਵਿਆਪਕ ਜਾਣਕਾਰੀ ਨੂੰ ਫਲੋਚਾਰਟ ਵਿੱਚ ਬਦਲਣ ਲਈ ਕੀਮਤੀ ਸਾਧਨ ਹਨ।

ਉਪ-ਸਿਰਲੇਖਾਂ ਨੂੰ ਟਰੈਕ ਕਰਨਾ ਪੂਰੀ ਤਰ੍ਹਾਂ ਯਕੀਨੀ ਬਣਾਉਂਦਾ ਹੈ, ਜਦੋਂ ਕਿ ਅਧਿਆਵਾਂ ਵਿੱਚ ਉਪ-ਸਿਰਲੇਖਾਂ ਦੀ ਸੰਖਿਆ ਵਿੱਚ ਇਕਸਾਰਤਾ ਯਾਦ ਅਤੇ ਸਮਝ ਵਿੱਚ ਸਹਾਇਤਾ ਕਰਦੀ ਹੈ।

5. ਸੰਗੀਤਕ ਮੈਮੋਰੀ

ਵਧੇਰੇ ਰਚਨਾਤਮਕ ਪਹੁੰਚ ਦੀ ਮੰਗ ਕਰਨ ਵਾਲਿਆਂ ਲਈ, ਸੰਗੀਤਕ ਮੈਮੋਰੀ ਇੱਕ ਵਿਲੱਖਣ ਹੱਲ ਪੇਸ਼ ਕਰਦੀ ਹੈ। ਜਾਣਕਾਰੀ ਨੂੰ ਆਕਰਸ਼ਕ ਧੁਨਾਂ, ਗੀਤਾਂ, ਜਾਂ ਰੈਪਾਂ ਵਿੱਚ ਬਦਲਣ ਨਾਲ ਯਾਦ ਕਰਨ ਵਿੱਚ ਕਾਫ਼ੀ ਸੁਧਾਰ ਹੁੰਦਾ ਹੈ।

ਤਾਲ ਅਤੇ ਤੁਕਾਂਤ ਇਮਤਿਹਾਨਾਂ ਦੌਰਾਨ ਜਾਣਕਾਰੀ ਦੀ ਪਹੁੰਚ ਵਿੱਚ ਸਹਾਇਤਾ ਕਰਦੇ ਹੋਏ, ਸ਼ਕਤੀਸ਼ਾਲੀ ਪ੍ਰਾਪਤੀ ਸੰਕੇਤਾਂ ਵਜੋਂ ਕੰਮ ਕਰਦੇ ਹਨ।

6. ਮੈਮੋਨਿਕ ਯੰਤਰ

ਮੈਮੋਨਿਕਸ ਮੈਮੋਰੀ ਟੂਲ ਹਨ ਜੋ ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਮਦਦ ਕਰਦੇ ਹਨ। ਲਫ਼ਜ਼ਾਂ ਦੇ ਕ੍ਰਮ ਦੇ ਸ਼ੁਰੂਆਤੀ ਅੱਖਰਾਂ ਤੋਂ ਬਣੀਆਂ ਐਕਰੋਨਿਮਸ ਵਰਗੀਆਂ ਤਕਨੀਕਾਂ, ਜਾਣਕਾਰੀ ਨੂੰ ਬਰਕਰਾਰ ਰੱਖਣ ਦਾ ਇੱਕ ਸੰਖੇਪ ਅਤੇ ਯਾਦਗਾਰ ਤਰੀਕਾ ਪ੍ਰਦਾਨ ਕਰਦੀਆਂ ਹਨ।

ਉਦਾਹਰਨ ਲਈ, "ਮੇਰੀ ਬਹੁਤ ਹੀ ਸ਼ਾਨਦਾਰ ਮਾਂ ਜਸਟ ਸਰਵਡ ਅਸ ਨਾਚੋਸ" ਸੂਰਜੀ ਸਿਸਟਮ ਵਿੱਚ ਗ੍ਰਹਿਆਂ ਦੇ ਕ੍ਰਮ ਨੂੰ ਯਾਦ ਕਰਨ ਵਿੱਚ ਮਦਦ ਕਰਦੀ ਹੈ।

7. ਕੁਸ਼ਲ ਸਿੱਖਣ ਲਈ ਚੰਕਿੰਗ

ਪ੍ਰਬੰਧਨਯੋਗ ਸਮੂਹਾਂ ਵਿੱਚ ਜਾਣਕਾਰੀ ਨੂੰ ਵੰਡਣਾ ਯਾਦ ਅਤੇ ਪ੍ਰਾਪਤੀ ਨੂੰ ਵਧਾਉਂਦਾ ਹੈ।

ਇਹ ਵਿਧੀ, ਫ਼ੋਨ ਨੰਬਰਾਂ ਜਾਂ ਕ੍ਰੈਡਿਟ ਕਾਰਡ ਵੇਰਵਿਆਂ ਲਈ ਵਰਤੀ ਜਾਂਦੀ ਹੈ, ਇਮਤਿਹਾਨ ਦੀ ਤਿਆਰੀ ਵਿੱਚ ਪ੍ਰਭਾਵਸ਼ਾਲੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਆਸਾਨੀ ਨਾਲ ਯਾਦ ਕਰਨ ਲਈ ਸਮੱਗਰੀ ਨੂੰ ਵੱਖ-ਵੱਖ ਕਰਨ ਦੇ ਯੋਗ ਬਣਾਇਆ ਜਾਂਦਾ ਹੈ।

ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀ ਟ੍ਰਿਕਸ, ਇਮਤਿਹਾਨ ਲਈ ਮੈਮੋਰੀਜ਼ੇਸ਼ਨ ਟ੍ਰਿਕਸ, ਇਮਤਿਹਾਨ ਲਈ ਮੈਮੋਨਿਕਸ

8. ਮੌਮੋਨਿਕ ਰਣਨੀਤੀਆਂ ਦੀ ਵਰਤੋਂ ਕਰੋ

ਸੰਖੇਪ ਸ਼ਬਦਾਂ ਅਤੇ ਚੰਕਿੰਗ ਤੋਂ ਪਰੇ, "ਯਾਤਰਾ ਦੀ ਵਿਧੀ", ਜਿਸ ਨੂੰ "ਮੈਮੋਰੀ ਪੈਲੇਸ" ਵੀ ਕਿਹਾ ਜਾਂਦਾ ਹੈ, ਵਿੱਚ ਇੱਕ ਜਾਣੇ-ਪਛਾਣੇ ਸਥਾਨ ਦੀ ਕਲਪਨਾ ਕਰਨਾ ਸ਼ਾਮਲ ਹੈ, ਜਿਵੇਂ ਕਿ ਤੁਹਾਡੇ ਘਰ, ਅਤੇ ਮਾਨਸਿਕ ਤੌਰ 'ਤੇ ਉਸ ਸਥਾਨ ਦੇ ਅੰਦਰ ਖਾਸ ਸਥਾਨਾਂ 'ਤੇ ਜਾਣਕਾਰੀ ਰੱਖਣਾ।

ਜਦੋਂ ਤੁਹਾਨੂੰ ਇਸ ਨੂੰ ਯਾਦ ਕਰਨ ਦੀ ਜ਼ਰੂਰਤ ਹੁੰਦੀ ਹੈ, ਤਾਂ ਮਹਿਲ ਦੁਆਰਾ ਆਪਣੇ ਮਾਨਸਿਕ ਕਦਮਾਂ ਨੂੰ ਵਾਪਸ ਲਓ, ਹਰੇਕ ਮਨੋਨੀਤ ਸਥਾਨ ਤੋਂ ਜਾਣਕਾਰੀ ਪ੍ਰਾਪਤ ਕਰੋ।

9. ਕ੍ਰਮਬੱਧ ਜਾਣਕਾਰੀ ਲਈ ਵਿਧੀ

ਖਾਸ ਤੌਰ 'ਤੇ ਕ੍ਰਮ ਨੂੰ ਯਾਦ ਰੱਖਣ ਲਈ, ਪੈਗ ਵਿਧੀ ਸਰਵਉੱਚ ਰਾਜ ਕਰਦੀ ਹੈ। ਇਹ ਯਾਦ-ਸ਼ਕਤੀ ਸੰਖਿਆਵਾਂ ਦੇ ਕ੍ਰਮ ਲਈ ਖਾਸ, ਆਸਾਨੀ ਨਾਲ ਵਿਜ਼ੂਅਲ ਚਿੱਤਰਾਂ ਜਾਂ ਸੰਕਲਪਾਂ ਨੂੰ ਨਿਰਧਾਰਤ ਕਰਦੀ ਹੈ।




# ਸਾਲਾਨਾ ਗੁਰਮਤਿ ਸਮਾਗਮ ਦੇ ਦੂਜੇ ਦਿਨ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ





ਮੋਹਾਲੀ, 11 ਮਾਰਚ (ਪੋਸਟ ਬਿਊਰੋ): ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਅਕਾਲ ਆਸ਼ਰਮ, ਸੋਹਾਣਾ ਵਿਖੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ ਅਤੇ ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਖ਼ਾਲਸਾ ਖੰਨੇ ਵਾਲਿਆਂ ਦੀ ਮਿੱਠੀ ਯਾਦ ਵਿਚ ਸਾਲਾਨਾ ਗੁਰਮਤਿ ਸਮਾਗਮ ਦੇ ਦੂਜੇ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਭਾਈ ਜਸਵੀਰ ਸਿੰਘ ਖੰਨੇ ਵਾਲਿਆਂ ਦੀ ਯਾਦ ਵਿਚ ਹਰ ਸਾਲ ਕਰਵਾਏ ਜਾਂਦੇ ਇਸ ਸਮਾਗਮ ਵਿਚ ਗੁਰੂ ਦੀ ਬਾਣੀ ਨਾਲ ਜੁੜਦੇ ਹੋਏ ਵੱਡੀ ਗਿਣਤੀ ਵਿਚ ਧਾਰਮਿਕ ਸਮਾਗਮ ਵਿਚ ਰੋਜ਼ਾਨਾ ਦੇ ਪ੍ਰੋਗਰਾਮ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਨਿੱਤਨੇਮ ਜੀ ਦੇ ਪਾਠ, ਗੁਰਸ਼ਬਦ ਵਿਚਾਰ, ਪਾਠ ਸੋਦਰ ਰਹਿਰਾਸ ਸਾਹਿਬ ਅਤੇ ਸਿਮਰਨ ਸਾਧਨਾ ਰਾਹੀਂ ਗੁਰਬਾਣੀ ਦਾ ਸਰਵਣ ਕੀਤਾ। ਇਸ ਦੌਰਾਨ ਪੰਥ ਦੇ ਪ੍ਰਸਿੱਧ ਰਾਗੀ ਅਤੇ ਢਾਡੀਆਂ ਤੋਂ ਇਲਾਵਾ ਕਥਾ ਵਾਚਕਾਂ ਸੰਗਤਾਂ ਨੂੰ ਪਵਿੱਤਰ ਗੁਰਬਾਣੀ ਨਾਲ ਜੋੜਿਆ। ਜਿਨ੍ਹਾਂ ਵਿਚ ਕਿ ਅੱਠ ਮਾਰਚ ਨੂੰ ਗੁਰਸਿੱਖ ਬਾਲ ਦਰਬਾਰ, ਗੁਰਦੁਆਰਾ ਸਾਹਿਬ ਦੇ ਹਾਲ ਵਿਚ ਗੁਰਸਿਖ ਇਸਤਰੀ ਸਤਿਸੰਗ ਸੰਮੇਲਨ ਕਰਵਾਇਆ ਗਿਆ। ਕਥਾ ਕੀਰਤਨ ਸਮਾਗਮ ਦੌਰਾਨ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਖ਼ਾਲਸਾ ਖੰਨਾ ਵਾਲੇ, ਭੈਣ ਰਵਿੰਦਰ ਕੌਰ ਅਤੇ ਜਥਾ, ਭਾਈ ਗੁਰਸ਼ਰਨ ਸਿੰਘ ਜੀ ਲੁਧਿਆਣਾ ਵਾਲੇ, ਭਾਈ ਮਨਪ੍ਰੀਤ ਸਿੰਘ ਕਾਨਪੁਰ ਵੱਲੋਂ ਰਸਮਈ ਕੀਰਤਨ ਕੀਤਾ ।

ਜਦ ਕਿ ਨੌਂ ਮਾਰਚ ਨੂੰ ਆਸਾ ਕੀ ਵਾਰ ਭੈਣ ਰਵਿੰਦਰ ਕੌਰ ਅਤੇ ਜਥਾ, ਸਿੰਘ ਸਾਹਿਬ ਗਿ. ਅਮਰਜੀਤ ਸਿੰਘ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਹੀ ਸ੍ਰੀ ਦਰਬਾਰ ਸਾਹਿਬ, ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਬਾਬਾ ਬਲਜਿੰਦਰ ਸਿੰਘ ਡੇਰਾ ਗੁ. ਜੋਤੀ ਸਰੂਪ, ਭਾਈ ਸਰਬਜੀਤ ਸਿੰਘ ਕਥਾਵਾਚਕ ਲੁਧਿਆਣੇ ਵਾਲੇ, ਡਾ. ਮਨਪ੍ਰੀਤ ਸਿੰਘ ਕਥਾਵਾਚਕ ਦਿੱਲੀ ਵਾਲੇ, ਸਿੰਘ ਸਾਹਿਬ ਗਿ. ਮਲਕੀਤ ਸਿੰਘ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ, ਭਾਈ ਸ਼ੁਭਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਪਰਮਿੰਦਰ ਸਿੰਘ ਆਸਟ੍ਰੇਲੀਆ ਵਾਲੇ, ਭਾਈ ਅਤਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਜੋਤੀ ਸਰੂਪ, ਭਾਈ ਜਗਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਨਾਡਾ ਸਾਹਿਬ, ਭਾਈ ਭੁਪਿੰਦਰ ਸਿੰਘ ਹੈੱਡ ਗ੍ਰੰਥੀ ਗੁਰ-ਦੁਆਰਾ ਅੰਬ ਸਾਹਿਬ, ਭਾਈ ਜਸਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਅੰਬ ਸਾਹਿਬ, ਭਾਈ ਮਹਿੰਦਰਪਾਲ ਸਿੰਘ ਚੰਡੀਗੜ੍ਹ ਵਾਲੇ, ਬੀਬੀ ਬਲਜਿੰਦਰ ਕੌਰ ਖਡੂਰ ਸਾਹਿਬ ਵਾਲੇ, ਬੀਬੀ ਜਸਪ੍ਰੀਤ ਕੌਰ ਲਖਨਊ ਵਾਲਿਆਂ ਵੱਲੋਂ ਰਸਮਈ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੇ ਨਾਲ ਹੀ ਇਨ੍ਹਾਂ ਸਾਰੇ ਸਮਾਗਮਾਂ ਦਾ ਸਿੱਧਾ ਪ੍ਰਸਾਰਨ ਫਤਿਹ ਟੀ ਵੀ ਚੈਨਲ, ਚੜ੍ਹਦੀ ਕਲਾ ਟਾਈਮ ਟੀ ਵੀ, ਸੰਗਤ ਟੀ ਵੀ ਅਤੇ ਯੂ ਟਿਊਬ ਤੇ ਬਾਣੀ ਡੋਟ ਨੈੱਟ ਤੇ ਕੀਤਾ ਜਾ ਰਿਹਾ ਹੈ। ਜਿਸ ਨਾਲ ਦੇਸ਼ ਵਿਦੇਸ਼ ਦੂਰ ਥਾਵਾਂ ਤੇ ਸੰਗਤ ਨੇ ਵੀ ਗੁਰੁ ਕੀ ਇਲਾਹੀ ਬਾਣੀ ਦਾ ਅਨੰਦ ਮਾਣਿਆ।

ਭਾਈ ਸਾਹਿਬ ਭਾਈ ਦਵਿੰਦਰ ਸਿੰਘ ਖੰਨੇ ਵਾਲਿਆਂ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆਂ ਕਿ ਇਸ ਧਾਰਮਿਕ ਸਮਾਗਮ ਵਿਚ ਕੱਲ੍ਹ ਅਖੀਰੀ ਦਿਨ ਜਿੱਥੇ ਵੱਡੀ ਪੱਧਰ ਤੇ ਸੰਗਤਾਂ ਇਸ ਸਮਾਗਮ ਨਾਲ ਜੁੜ ਰਹੀਆਂ ਹਨ। ਦਸ ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਸਿਮਰਨ ਕੇਂਦਰ ਦੀ ਨਵੀ ਬਣੀ ਬਿਲਡਿੰਗ ਦਾ ਉਦਘਾਟਨ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਪੰਥ ਪ੍ਰਮੁੱਖ ਸ਼ਖ਼ਸੀਅਤਾਂ ਕਰਨਗੀਆਂ। ਇਸ ਦਿਨ ਆਸਾ ਦੀ ਵਾਰ, ਭਾਈ ਮਨਜਿੰਦਰ ਸਿੰਘ ਰਬਾਬੀ ਹਜ਼ੂਰੀ ਰਾਗੀ ਗੁਰਦੁਆਰਾ ਨਾਡਾ ਸਾਹਿਬ, ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿਆਨ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ, ਬੀਬੀ ਵਿਪਨ ਪ੍ਰੀਤ ਕੌਰ ਲੁਧਿਆਣਾ ਵਾਲੇ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਪਰਵਾਨਾ, ਗਿਆਨ ਪਿੰਦਰਪਾਲ ਸਿੰਘ ਜੀ, ਭਾਈ ਦਵਿੰਦਰ ਸਿੰਘ ਸੋਢੀ, ਬੀਬੀ ਮਨਦੀਪ ਕੌਰ ਖ਼ਾਲਸਾ ਲੁਧਿਆਣਾ ਵਾਲੇ, ਭਾਈ ਪ੍ਰਦੀਪ ਸਿੰਘ ਸੋਹਾਣਾ ਵਾਲੇ, ਭਾਈ ਇੰਦਰਪ੍ਰੀਤ ਸਿੰਘ ਸੋਹਾਣਾ ਵਾਲੇ, ਭਾਈ ਸੁਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਮਨਪ੍ਰੀਤ ਸਿੰਘ ਕਾਨਪੁਰ, ਭਾਈ ਪਰਮਿੰਦਰ ਸਿੰਘ ਆਸਟ੍ਰੇਲੀਆ ਵਾਲੇ, ਭਾਈ ਹਰਜੋਤ ਸਿੰਘ ਜੀ ਜ਼ਖਮੀ ਵੱਲੋਂ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ' ਦੇ ਟਰੱਸਟੀ ਗੁਰਮੀਤ ਸਿੰਘ ਨੇ ਦੱਸਿਆਂ ਮਾਨਵਤਾ ਦੀ ਸੇਵਾ ਲਈ ਜੋ ਕਾਰਜ ਭਾਈ ਜਸਵੀਰ ਸਿੰਘ ਖੰਨੇ ਵਾਲਿਆਂ ਨੇ ਆਰੰਭ ਕੀਤਾ ਸੀ ਉਸ ਤੇ ਚਲਦੇ ਹੋਏ ਸੋਹਾਣਾ ਹਸਪਤਾਲ ਵੱਡੇ ਪੱਧਰ ਤੇ ਲੋਕਾਂ ਦੀ ਸੇਵਾ ਕਰ ਰਿਹਾ ਹੈ। ਸਮਾਗਮ ਦੇ ਦੌਰਾਨ ਨੌਂ ਮਾਰਚ ਨੂੰ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ ਗਿਆ।ਜਦ ਕਿ ਮਾਨਵਤਾ ਦੀ ਸੇਵਾ ਵਿਚ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਦਸ ਮਾਰਚ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਪੰਥ ਰਤਨ ਭਾਈ ਜਸਵੀਰ ਸਿੰਘ ਜੀ ਖ਼ਾਲਸਾ ਖੰਨੇ ਵਾਲਿਆਂ ਵੱਲੋਂ ਲੋਕ ਸੇਵਾ ਵਿਚ ਕੀਤੇ ਜਾ ਰਹੇ ਹਰ ਉਪਰਾਲੇ ਨੂੰ ਉਸ ਸਮੇਂ ਹੀ ਸਫਲ ਮੰਨਿਆਂ ਜਾ ਸਕਦਾ ਹੈ ਜਦ ਇਸ ਹਸਪਤਾਲ ਵਿਚ ਇਲਾਜ ਲਈ ਆਉਣ ਵਾਲਾ ਹਰ ਵਿਅਕਤੀ ਵਾਪਸ ਜਾਂਦੇ ਹੋਏ ਆਪਣੇ ਚਿਹਰੇ 'ਤੇ ਮੁਸਕਰਾਹਟ ਲੈ ਕੇ ਆਵੇਗਾ। ਇਸ ਸਮਾਗਮ ਮੌਕੇ ਗੁਰੂ ਕਾ ਅਤੁੱਟ ਲੰਗਰ ਵੀ ਚਲਾਇਆਂ ਗਿਆ।



# ਜਿੰਪਾ ਵੱਲੋਂ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪ੍ਰਦਾਨ

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ 9 ਉਮੀਦਵਾਰਾਂ ਨੂੰ ਤਰਸ ਦੇ ਅਧਾਰ ਉੱਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਕਲਰਕ, ਜੂਨੀਅਰ ਟੈਕਨੀਸ਼ੀਅਨ ਅਤੇ ਹੈਲਪਰ ਟੈਕਨੀਕਲ ਦੀਆਂ ਅਸਾਮੀਆਂ 'ਤੇ ਨਿਯੁਕਤੀ ਪੱਤਰ ਵੰਡੇ।



ਉਨ੍ਹਾਂ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜ ਦੇ ਨੌਜਵਾਨਾਂ ਨੂੰ ਰੋਜ਼ਗਾਰ ਉਪਲਬਧ ਕਰਵਾਉਣ ਲਈ ਵਚਨਬੱਧ ਹਨ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਦੇ ਨਾਲ ਨਾਲ ਸਮਾਜ ਦੇ ਸਮੂਹ ਵਰਗਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਸਲ ਵਿੱਚ ਇਨ੍ਹਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪਿਛਲੇ ਦਿਨੀਂ ਸੰਗਰੂਰ ਵਿਖੇ ਹੋਏ ਸਮਾਗਮ ਦੌਰਾਨ ਦਿੱਤੇ ਜਾਣੇ ਸਨ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਨ੍ਹਾਂ ਨੂੰ ਉੱਥੇ ਨਿਯੁਕਤੀ ਪੱਤਰ ਨਹੀਂ ਦਿੱਤੇ ਜਾ ਸਕੇ। ਹੁਣ ਇਸ ਬਾਬਤ ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋਣ ਉੱਤੇ ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਇਨ੍ਹਾਂ ਨੂੰ ਵੀ ਜਲਦ ਤੋਂ ਜਲਦ ਨਿਯੁਕਤੀ ਪੱਤਰ ਦਿੱਤੇ ਜਾਣ। ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਅੱਜ ਇਨ੍ਹਾਂ ਨੂੰ ਅੱਜ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਨਵ-ਨਿਯੁਕਤ ਹੋਏ ਉਮੀਦਵਾਰਾਂ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਨਿਯੁਕਤੀ ਪੱਤਰ ਜਾਰੀ ਕਰਨ ਉੱਤੇ ਪੰਜਾਬ ਸਰਕਾਰ ਅਤੇ ਵਿਭਾਗ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ। ਜਿਨ੍ਹਾਂ 9 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ ਉਨ੍ਹਾਂ ਵਿਚ
ਜਿਨ੍ਹਾਂ ਨੂੰ ਅੱਜ ਨਿਯੁਕਤੀ ਪੱਤਰ ਦਿੱਤੇ ਗਏ ਹਨ ਉਨ੍ਹਾਂ ਵਿੱਚ ਸਨਪ੍ਰੀਤ ਸਿੰਘ, ਸਰਬਜੀਤ ਸਿੰਘ ਤੇ ਸੈਰਿਲ ਗਰਗ ਨੂੰ ਕਲਰਕ, ਪਰਵਿੰਦਰ ਸਿੰਘ, ਲਵਜੀਤ ਸਿੰਘ, ਜਤਿੰਦਰ ਸਿੰਘ, ਚਰਨਜੀਤਸਿੰਘ ਅਤੇ ਗੌਤਮ ਨੂੰ ਜੂਨੀਅਰ ਟੈਕਨੀਸ਼ੀਅਨ ਤੇ ਰਾਜ ਕੁਮਾਰ ਨੂੰ ਹੈਲਪਰ ਟੈਕਨੀਕਲ ਦੀ ਅਸਾਮੀ ਲਈ ਨਿਯੁਕਤੀ ਪੱਤਰ ਦਿੱਤੇ ਗਏ ਹਨ।

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

Sandalwood & Sunny Meadow Blvd
ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

James Potter/Queen/Bonnie Brae
ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

Caledon Ontario (Dir/Cross St:Mayfield/ Mclaughlin/Tweedhill)
ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

Bramalea/Father Tobin /Fernfor
ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017